ਅਧਿਆਇ 21

ਨੇਮ ਦੀ ਪੋਥੀ (ਭਾਗ 2)

ਅਧਿਆਇ 21 ਵਿਚ, ਪਰਮੇਸ਼ੁਰ ਨੇ ਮੂਸਾ ਨੂੰ ਖਾਸ ਨਿਯਮ ਦੇਣੇ ਜਾਰੀ ਰੱਖੇ ਜੋ ਨੇਮ ਦੀ ਪੋਥੀ ਨੂੰ ਬਣਾਉਂਦੇ ਹਨ (20:22 - 23:33)। ਅਧਿਆਇ ਇਕ ਯਾਦਗਾਰ ਦੇ ਰੂਪ ਵਿਚ ਸ਼ੁਰੂ ਹੁੰਦਾ ਹੈ ਕਿ ਪਰਮੇਸ਼ੁਰ ਇਨ੍ਹਾਂ ਨਿਯਮਾਂ ਦਾ ਸੋਮਾ ਹੈ ਅਤੇ ਮੂਸਾ ਨੇ ਉਨ੍ਹਾਂ ਨੂੰ ਇਸਰਾਏਲ ਤਕ ਪਹੁੰਚਾਉਣਾ ਸੀ (21:1)। ਫਿਰ ਪਰਮੇਸ਼ੁਰਨ ਗੁਲਾਮੀ ਨਾਲ ਸੰਬੰਧਤ ਕਾਨੂਨ ਦਿੱਤੇ, ਜੋ ਇਸ ਗੱਲ ਨੂੰ ਦੱਸਦੇ ਹਨ ਕਿ ਗੁਲਾਮੀ ਦਾ ਸਮਾਂ ਕਦੋਂ ਅਤੇ ਕਿਵੇਂ ਖਤਮ ਹੋਵੇਗਾ (21:2-11)। ਉਸ ਨੇ ਵਿਅਕਤੀਗਤ ਸੱਟਾਂ ਦੇ ਵਿਸ਼ੇ ਵਿਚ ਵੀ ਨੇਮ ਪ੍ਰਦਾਨ ਕੀਤੇ, ਜੋ ਖ਼ੂਨ, ਦੁਰਘਟਨਾ ਵਿਚ ਮਾਰਨ, ਵਿਅਕਤੀਗਤ ਸੱਟਾਂ, ਅਤੇ ਹੋਰ ਸੰਬੰਧਤ ਅਪਰਾਧਾਂ ਨਾਲ ਸੰਬੰਧਤ ਹੈ (21:12-27)। ਅਧਿਆਇ ਦੇ ਅੰਤ ਵਿਚ ਬਲਦਾਂ ਨਾਲ ਸੰਬੰਧਤ ਕਾਨੂਨ ਸ਼ਾਮਲ ਹਨ। ਇਨ੍ਹਾਂ ਵਿਚ ਉਹ ਹਾਲਾਤਾਂ ਸ਼ਾਮਲ ਹਨ ਜਿਨ੍ਹਾਂ ਵਿਚ ਬਲਦਾਂ ਨੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਹੈ, ਇਸ ਦੇ ਨਾਲ ਨਾਲ ਉਹ ਹਾਲਾਤ ਜਿਸ ਵਿਚ ਬਲਦ ਖੁਦ ਜ਼ਖਮੀ ਹੁੰਦੇ ਹਨ (21:28-36)।

ਗੁਲਾਮੀ ਸੰਬੰਧੀ ਬਿਧੀਆਂ (21:1-11)

ਪੁਰਖ ਦਾਸ ਜੋ ਛੇ ਸਾਲਾਂ ਤਕ ਸੇਵਾ ਕਰਦੇ ਸਨ (21:1-6)

1ਏਹ ਓਹ ਨਿਆਉਂ ਹਨ ਜਿਹੜੇ ਤੂੰ ਉਨ੍ਹਾਂ ਦੇ ਅੱਗੇ ਰੱਖੇਂਗਾ: 2ਜਦ ਤੂੰ ਇਬਰਾਨੀ ਗੁਲਾਮ ਲਵੇਂ ਤਾਂ ਉਹ ਛੇ ਵਰਹੇ ਤੇਰੀ ਟਹਿਲ ਕਰੇ ਪਰ ਸੱਤਵੇਂ ਵਰਹੇ ਉਹ ਮੁਖਤ ਅਜ਼ਾਦ ਹੋਕੇ ਚੱਲਿਆ ਜਾਵੇ।
3ਜੇ ਉਹ ਇਕੱਲਾ ਆਇਆ ਹੋਵੇ ਤਾਂ ਇਕੱਲਾ ਹੀ ਚੱਲਿਆ ਜਾਵੇ ਅਰ ਜੇ ਓਹ ਤੀਵੀਂ ਵਾਲਾ ਸੀ ਤਾਂ ਉਸ ਦੀ ਤੀਵੀਂ ਉਸ ਦੇ ਨਾਲ ਚੱਲੀ ਜਾਵੇ। 4ਜੇ ਉਸ ਦੇ ਸਵਾਮੀ ਨੇ ਉਸ ਨੂੰ ਤੀਵੀਂ ਦਿੱਤੀ ਹੋਵੇ ਅਰ ਉਹ ਉਸ ਲਈ ਪੁੱਤ੍ਰ ਧੀਆਂ ਜਣੀ ਤਾਂ ਉਹ ਤੀਵੀਂ ਅਰ ਉਹ ਦੇ ਬੱਚੇ ਉਹ ਦੇ ਸਵਾਮੀ ਦੇ ਹੋਣਗੇ ਅਰ ਉਹ ਇਕੱਲਾ ਚੱਲਿਆ ਜਾਵੇ। 5ਪਰ ਜੇ ਗੋੱਲਾ ਸਫ਼ਾਈ ਨਾਲ ਆਖੇ ਕਿ ਮੈਂ ਆਪਣੇ ਸਵਾਮੀ ਅਤੇ ਆਪਣੀ ਤੀਵੀਂ ਅਤੇ ਆਪਣੇ ਬੱਚਿਆਂ ਨਾਲ ਪਰੇਮ ਕਰਦਾ ਹਾਂ। ਮੈਂ ਅਜ਼ਾਦ ਹੋਕੇ ਚੱਲਿਆ ਨਹੀਂ ਜਾਵਾਂਗਾ। 6ਤਾਂ ਉਸ ਦਾ ਸਵਾਮੀ ਉਸ ਨੂੰ ਨਿਆਈਆਂ ਦੇ ਕੋਲ ਲਿਆਵੇ ਅਤੇ ਓਹ ਦਰਵੱਜੇ ਦੇ ਕੋਲ ਅਥਵਾ ਚੁਗਾਠ ਦੇ ਕੋਲ ਲਿਆ ਕੇ ਆਰ ਨਾਲ ਉਸ ਦੇ ਕੰਨ ਨੂੰ ਉਸ ਦਾ ਸਵਾਮੀ ਵਿੰਨ੍ਹੇ ਸੋ ਉਹ ਉਸ ਦੀ ਸਦਾ ਲਈ ਟਹਿਲ ਕਰੇ।

ਆਇਤ 1. ਪਰਮੇਸ਼ੁਰ ਹੁਣ ਲੋਕਾਂ ਨਾਲ ਸਿੱਧਾ ਗੱਲਾਂ ਨਹੀਂ ਕਰ ਰਿਹਾ ਸੀ, ਜਿਵੇਂ ਉਸ ਨੇ ਉਦੋਂ ਕੀਤਾ ਸੀ ਜਦੋਂ ਉਸ ਨੇ ਦਸ ਹੁਕਮਾਂ ਦਾ ਐਲਾਨ ਕੀਤਾ ਸੀ। ਇਸ ਦੀ ਬਜਾਇ, ਉਸ ਨੇ ਮੂਸਾ ਦੇ ਸਾਹਮਣੇ ਇਹ ਮੰਗਾਂ ਪੇਸ਼ ਕੀਤੀਆਂ, ਜੋ ਇਸਰਾਏਲੀਆਂ ਨੂੰ ਉਨ੍ਹਾਂ ਤੋਂ ਜਾਣੂ ਕਰਵਾਉਣ ਦੇ ਲਈ ਜ਼ਿੰਮੇਵਾਰ ਸੀ (20:22)। ਕੂਚ 21-23 ਦੇ ਨਿਯਮਾਂ ਨੂੰ **ਨਿਆਉਂ** (מִשְׁפָּטִים, *ਮਿਸ਼ਪਾਤਿਮ)* ਜਾਂ "ਫ਼ੈਸਲੇ" (KJV) ਕਿਹਾ ਜਾਂਦਾ ਹੈ।[1] ਇਸ ਸ਼ਬਦ ਦੀ ਵਰਤੋਂ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ

ਦਿੱਤੇ ਜਾ ਰਹੇ ਕਾਨੂਨ ਪਿਛਲਿਆਂ ਨਾਲੋਂ - ਜੇਕਰ ਮਹੱਤਤਾ ਵਿਚ ਨਹੀਂ ਤਾਂ ਘੱਟੋ ਘੱਟ ਰੂਪ ਵਿਚ ਅਲੱਗ ਸਨ। ਵਾਲਟਰ ਸੀ. ਕੇਸਰ, ਜੂਨੀਅਰ, ਨੇ ਕਿਹਾ ਕਿ ਇਹ ਨਾਗਰਿਕ ਝਗੜਿਆਂ ਦੇ ਮਾਮਲੇ ਵਿਚ ਇਸਰਾਏਲ ਦੇ ਨਾਗਰਿਕ ਜੱਜਾਂ ਦਾ ਮਾਰਗਦਰਸ਼ਣ ਕਰਨ ਦੇ ਲਈ "ਮਿਸਾਲ" ਹਨ।[2] ਜੌਨ ਆਈ. ਡਰਹਮ ਨੇ "ਨਿਰਦੇਸ਼ੀ ਫ਼ੈਸਲਿਆਂ" ਦਾ ਅਨੁਵਾਦ ਕੀਤਾ ਅਤੇ ਬਾਅਦ ਦੇ ਕਾਨੂਨਾਂ ਨੂੰ "ਕੇਸ ਫ਼ੈਸਲੇ" ਜਾਂ "ਪੂਰਵ-ਫ਼ੈਸਲੇ" ਕਿਹਾ, ਅਤੇ ਕਿਹਾ ਕਿ ਇਹ ਦਸ ਹੁਕਮਾਂ ਵਿਚ ਦਿੱਤੇ ਗਏ "ਵਰਣਨ ਕੀਤੇ ਗਏ ਸਿਧਾਂਤਾਂ" ਦੇ ਪ੍ਰਯੋਗ ਸਨ।[3]

ਆਇਤ 2. ਨਿਆਵਾਂ ਦਾ ਪਹਿਲਾ ਭਾਗ **ਇਬਰਾਨੀ ਗੁਲਾਮ** ਦੇ **ਲਵੇਂ** (ਖਰੀਦਣ) ਅਤੇ ਰਿਹਾ ਕਰਨ ਦੀਆਂ ਸ਼ਰਤਾਂ ਦੇ ਨਾਲ ਸਬੰਧਤ ਹੈ। ਦੋ ਹਲਾਤਾਂ ਤੇ ਵਿਚਾਰ ਕੀਤਾ ਜਾਂਦਾ ਹੈ: ਇਕ ਪੁਰਖ ਗੁਲਾਮ ਜਿਸ ਨੇ **ਛੇ ਵਰਹੇ** ਸੇਵਾ ਕੀਤੀ ਸੀ (21:1-6) ਅਤੇ ਇੱਕ ਇਸਤਰੀ ਗੁਲਾਮ ਜਿਸ ਨੂੰ, ਮਾਲਕ ਜਾਂ ਮਾਲਕ ਦੇ ਪੁੱਤਰ ਦੇ ਲਈ ਵਿਆਹ ਦੇ ਲਈ ਖਰੀਦਿਆ ਸੀ (21:7-11)।

ਪ੍ਰਾਚੀਨ ਦੁਨੀਆਂ ਵਿਚ ਗੁਲਾਮਾਂ ਨੂੰ ਮੁੱਖ ਤੌਰ ਤੇ ਜਿੱਤਣ ਜਾਂ ਖਰੀਦਣ ਦੇ ਦੁਆਰਾ ਹਾਸਲ ਕੀਤਾ ਜਾਂਦਾ ਸੀ। ਜਦੋਂ ਇਕ ਦੇਸ ਦੂਸਰੇ ਦੇਸ ਤੇ ਜਿੱਤ ਪ੍ਰਾਪਤ ਕਰਦਾ ਸੀ, ਤਾਂ ਜਿਨ੍ਹਾਂ ਨੂੰ ਜਿੱਤ ਲਿਆ ਜਾਂਦਾ ਸੀ ਉਹ ਲੋਕ "ਯੁੱਧ ਦੀ ਲੁੱਟ" ਬਣ ਜਾਂਦੇ ਸਨ ਅਤੇ ਆਮ ਤੌਰ ਤੇ ਜੇਤੂਆਂ ਦੇ ਦੁਆਰਾ ਗੁਲਾਮਾਂ ਦੇ ਰੂਪ ਵਿਚ ਸੇਵਾ ਕਰਨ ਦੇ ਲਈ ਲੈ ਲਏ ਜਾਂਦੇ ਸਨ। ਗੁਲਾਮੀ ਵਿਚ ਲਿਜਾਇਆ ਜਾਣਾ ਬਹੁਤ ਹੀ ਬੇਰਹਿਮੀ ਲੱਗਦਾ ਸੀ, ਪਰ ਉਸ ਦਾ ਵਿਕਲਪ ਮਾਰਿਆ ਜਾਣਾ ਸੀ। ਗਰੀਬੀ ਦੇ ਦੁਆਰਾ ਵੀ ਗੁਲਾਮ ਬਣਾਏ ਗਏ ਸਨ; ਕੋਈ ਵਿਅਕਤੀ ਆਪਣੇ ਕਰਜ਼ਾਂ ਨੂੰ ਅਦਾ ਕਰਨ ਦੇ ਲਈ ਆਪਣੇ ਆਪ ਨੂੰ ਜਾਂ ਆਪਣੇ ਬੱਚੇ ਨੂੰ ਵੇਚ ਦੇਣਾ ਚੁਣ ਸਕਦਾ ਸੀ। ਯੁੱਧ ਵਿਚ ਹਾਸਲ ਕੀਤੇ ਗਏ ਗੁਲਾਮਾਂ ਦੇ ਬੱਚੇ ਜਾਂ ਗੈਰ-ਇਸਰਾਏਲੀ ਗੁਲਾਮਾਂ ਦੇ ਬੱਚੇ ਜਿਨ੍ਹਾਂ ਨੂੰ ਖਰੀਦਿਆ ਗਿਆ ਸੀ ਉਨ੍ਹਾਂ ਦੇ ਘਰਾਂ ਵਿਚ ਗੁਲਾਮਾਂ ਦੇ ਰੂਪ ਵਿਚ ਪੈਦਾ ਹੋਏ ਬੱਚੇ।

21:1-11 ਵਿਚ ਚਰਚਾ ਕੀਤੇ ਗੁਲਾਮ ਉਹ ਗੁਲਾਮ ਸਨ ਜਿਨ੍ਹਾਂ ਨੂੰ ਖਰੀਦ ਕੇ ਹਾਸਲ ਕੀਤਾ ਜਾਂਦਾ ਸੀ ਜੋ "ਇਬਰਾਨੀ" ਗੁਲਾਮ ਸਨ। ਕੁੱਝ ਟਿੱਪਣੀਕਾਰ ਮੰਨਦੇ ਹਨ ਕਿ ਨਾਮ "ਇਬਰਾਨੀ" (עִבְרִי, *ਇਬਰੀ)* ਦਾ ਇਸਤੇਮਾਲ "ਇਸਰਾਏਲੀ" ਦੀ ਤੁਲਨਾ ਵਿਚ ਵਧੇਰੇ ਵਿਆਪਕ ਅਰਥ ਦੇ ਨਾਲ ਕੀਤਾ ਜਾਂਦਾ ਹੈ - ਸੰਭਵ ਹੈ ਕਿ ਇਹ ਭੂਮੀਹੀਣ ਲੋਕਾਂ ਦੀ ਇਕ ਸਧਾਰਣ ਸ਼੍ਰੇਣੀ ਨੂੰ ਦਰਸਾਉਂਦਾ ਹੋਵੇ, ਪਰ ਸੀਮਿਤ ਗਰੀਬ, ਇਸਰਾਏਲੀਆਂ ਨੂੰ ਨਹੀਂ। ਪਰ, ਕੂਚ ਵਿਚ ਇਸ ਸ਼ਬਦ ਦੀ ਪਹਿਲੀ ਮੌਜੂਦਗੀ ਇਸ ਵਿਚਾਰ ਦੇ ਵਿਰੁੱਧ ਤਰਕ ਦੇਵੇਗਾ (1:15, 16, 19; 2:6, 7, 11, 13; 3:18; 5:3; 7:16; 9:1, 13; 10:3)। ਇਨ੍ਹਾਂ ਹਵਾਲਿਆਂ ਵਿਚੋਂ ਬਹੁਤ ਸਾਰੇ, ਪ੍ਰਭੂ ਨੂੰ "ਇਬਰਾਨੀਆਂ ਦਾ ਪਰਮੇਸ਼ੁਰ," ਅਰਥਾਤ, ਇਸਰਾਏਲੀਆਂ ਦਾ ਪਰਮੇਸ਼ੁਰ ਕਿਹਾ ਗਿਆ ਹੈ। ਇਸ ਤੋਂ ਪਰੇ, ਇਕ ਸਮਾਂਤਰ ਹਵਾਲੇ ਵਿਚ ਇਬਰਾਨੀ ਦਾਸ ਦੀ ਪਹਿਚਾਣ "ਤੁਹਾਡਾ ਭਰਾ" ਵਜੋਂ ਕੀਤੀ ਗਈ ਹੈ (ਬਿਵਸਥਾ ਸਾਰ 15:12)। ਸ਼ਰਾ ਨੇ ਇਬਰਾਨੀ ਗੁਲਾਮਾਂ ਦੇ ਲਈ ਉਹ ਨਿਯਮ ਦਿੱਤੇ ਜੋ ਹੋਰਨਾਂ ਗੁਲਾਮਾਂ ਤੇ ਲਾਗੂ ਨਹੀਂ ਹੁੰਦੇ ਹਨ। ਉਦਾਹਰਣ ਦੇ ਤੌਰ ਤੇ, ਯੁੱਧ ਵਿਚ ਹਾਸਲ ਕੀਤੇ ਗਏ ਲੋਕ, ਛੇ ਸਾਲਾਂ ਦੇ ਬਾਅਦ ਆਪਣੀ ਗੁਲਾਮੀ ਤੋਂ ਅਜ਼ਾਦ ਨਹੀਂ ਹੁੰਦੇ ਸਨ।

ਸਧਾਰਣ ਨੇਮ ਇਹ ਹੈ ਕਿ ਇਕ ਖਰੀਦਿਆ ਹੋਇਆ ਗੁਲਾਮ ਸਿਰਫ "ਛੇ ਸਾਲਾਂ" ਤਕ ਗੁਲਾਮ ਰਹਿ ਸਕਦਾ ਸੀ; ਪਰ **ਸੱਤਵੇਂ** ਸਾਲ ਵਿਚ **ਉਹ ਮੁਖਤ ਅਜ਼ਾਦ ਹੋ ਕੇ ਚੱਲਿਆ ਜਾਵੇ** ਜਾਂ ਉਸ ਨੂੰ "ਅਜ਼ਾਦ" ਕਰਵਾਉਣ ਦੇ ਲਈ ਕਿਸੇ ਦੇ ਰਾਹੀਂ ਇਕ ਮੁੱਲ ਭਰਨ ਤੋਂ ਬਿਨਾਂ। ਇਸ ਪ੍ਰਸੰਗ ਵਿਚ ਗੁਲਾਮੀ, ਤਨਖਾਹ ਲੈਣ ਵਾਲੇ ਨੌਕਰ ਦੇ ਵਾਂਗ ਨਹੀਂ ਸੀ: ਦਾਸ ਨੇ ਇਕ ਨਿਸ਼ਚਤ ਮੁੱਲ ਦੇ ਲਈ ਕੁੱਝ ਸਾਲਾਂ ਤਕ ਕੰਮ ਕੀਤਾ, ਅਤੇ ਪੈਸੇ ਦਾ ਇਸਤੇਮਾਲ ਉਨ੍ਹਾਂ ਕਰਜ਼ੇ ਦਾ ਭੁਗਤਾਨ ਕਰਨ ਦੇ ਲਈ ਕੀਤਾ ਗਿਆ ਸੀ ਜੋ ਉਸ ਵਿਅਕਤੀ ਨੇ ਗੁਲਾਮ ਬਣਨ ਤੋਂ ਪਹਿਲਾਂ ਚੁੱਕਿਆ ਸੀ। ਜਦੋਂ ਛੇ

ਸਾਲ ਪੂਰੇ ਹੋ ਜਾਂਦੇ ਸਨ, ਤਾਂ ਉਹ ਅਜ਼ਾਦ ਹੋ ਜਾਂਦਾ ਸੀ। ਬਿਵਸਥਾ ਸਾਰ ਵਿਚ ਇਹ ਲਿਖਿਆ ਗਿਆ ਹੈ ਕਿ ਗੁਲਾਮ ਦਾ ਮਾਲਕ ਉਸ ਨੂੰ ਖਾਲੀ ਹੱਥ ਨਹੀਂ ਭੇਜਣਾ ਚਾਹੀਦਾ ਸੀ, ਪਰ ਆਪਣੇ ਖਲਵਾੜੇ ਅਤੇ ਆਪਣੇ ਦਾਖ ਰਸ ਦੇ ਕੋਹਲੂ ਵਿਚੋਂ ਉਸ ਨੂੰ ਦਿਲ ਖੋਲ੍ਹ ਕੇ ਦੇਵੇ (ਬਿਵਸਥਾ ਸਾਰ 15:13, 14)। ਇਹ ਮੂਲਪਾਠ ਇਹ ਵੀ ਦੱਸਦਾ ਹੈ ਕਿ ਇਹ ਨਿਯਮ ਉਨ੍ਹਾਂ ਇਬਰਾਨੀ ਇਸਤਰੀਆਂ ਤੇ ਵੀ ਸਮਾਨ ਰੀਤਿ ਦੇ ਨਾਲ ਲਾਗੂ ਹੁੰਦਾ ਸੀ ਜੋ ਗੁਲਾਮ ਸੀ (ਬਿਵਸਥਾ 15:12)। ਇਸ ਲਈ ਇਸਤਰੀਆਂ ਬਿਨਾਂ ਕਿਸੇ ਉਮੀਦ ਦੇ ਕਿ ਉਹ ਮਾਲਕ ਜਾਂ ਆਪਣੇ ਪੁੱਤਰ ਦੀ ਪਤਨੀ ਬਣ ਜਾਵੇਗੀ (21:7 ਤੇ ਟਿੱਪਣੀਆਂ ਵੇਖੋ)।

ਆਇਤਾਂ 3-6. ਹੋਰ ਸਪੱਸ਼ਟੀਕਰਣ ਕਈ "ਜੇ ... ਤਾਂ" ਖੰਡਾਂ ਦੁਆਰਾ ਮੁਹੱਈਆ ਕੀਤੇ ਗਏ ਹਨ:

(1) ਜੇ ਉਹ **ਇਕੱਲਾ** ਆਇਆ ਹੋਵੇ - ਅਰਥਾਤ, ਜੇ ਉਹ ਕੁਆਰੇ ਹੋਣ ਦੀ ਹਾਲਤ ਵਿਚ ਘਰ ਵਿਚ ਗੁਲਾਮ ਬਣ ਗਿਆ ਸੀ - ਤਾਂ ਉਸ ਨੂੰ **ਇਕੱਲਾ** ਹੀ ਜਾਣਾ ਪੈਣਾ ਸੀ (21:3)।

(2) ਜੇਕਰ ਉਹ ਵਿਆਹਿਆ ਹੋਇਆ ਆਇਆ ਸੀ, ਤਾਂ ਉਹ ਆਪਣੀ **ਤੀਵੀਂ** ਦੇ ਨਾਲ ਚੱਲਿਆ ਜਾਂਦਾ ਸੀ (21:3)।

(3) ਜੇਕਰ ਉਹ ਅਣਵਿਆਹਿਆ ਹੋਇਆ ਆਇਆ ਸੀ ਪਰ ਉਸ ਸੇਵਾ ਦੇ ਦੌਰਾਨ ਉਸ ਨੂੰ **ਤੀਵੀਂ** ਦਿੱਤੀ ਗਈ ਸੀ, ਤਾਂ ਉਸ ਨੂੰ ਆਪਣੀ **ਤੀਵੀਂ** ਅਤੇ **ਬੱਚੇ** ਆਪਣੇ **ਸਵਾਮੀ** ਕੋਲ ਛੱਡ ਕੇ **ਇਕੱਲਾ** ਜਾਣਾ ਪੈਂਦਾ ਸੀ (21:4)। ਭਾਵੇਂ ਇਹ ਨਿਯਮ ਕਠੋਰ ਸੀ, ਪਰ ਇਹ, ਗੁਲਾਮ ਅਤੇ ਸਵਾਮੀ ਦੋਵਾਂ ਦੇ ਲਈ ਉਚਿਤ ਸੀ।

(4) ਜੇਕਰ, ਆਪਣੀ **ਤੀਵੀਂ** ਅਤੇ **ਬੱਚਿਆਂ** ਨੂੰ ਪਿੱਛੇ ਛੱਡ ਕੇ ਜਾਣ ਦੀ ਹਾਲਾਤ ਦਾ ਸਾਹਮਣਾ ਕਰਦੇ ਹੋਏ, ਗੋੱਲਾ ਫ਼ੈਸਲਾ ਕਰ ਲੈਂਦਾ ਸੀ ਕਿ ਉਹ ਆਪਣੇ **ਸਵਾਮੀ** ਰਹਿਣਾ ਪਸੰਦ ਕਰੇਗਾ, ਤਾਂ ਗੋੱਲੇ ਨੂੰ **ਨਿਆਈਆਂ** (ਪਰਮੇਸ਼ੁਰ) (אֱלֹהִים, *ਏਲੋਹੀਮ*) (21:5, 6) ਦੇ ਕੋਲ ਲਿਆਂਦਾ ਜਾਂਦਾ ਸੀ। ਹਾਲਾਂਕਿ ਬਹੁਵਚਨ ਸ਼ਬਦ *ਈਲੋਹੀਮ* (ਜਾਂ ਏਲੋਹੀਮ) ਪਰਮੇਸ਼ੁਰ ਦਾ ਇਕ ਨਾਮ ਹੈ, ਪਰ ਇਹ ਸ਼ਬਦ ਲੋਕਾਂ ਦੇ ਸ਼ਾਸਕਾਂ ਜਾਂ ਜੱਜਾਂ ਨੂੰ ਵੀ ਦਰਸਾ ਸਕਦਾ ਹੈ। ਕਈ ਸੰਸਕਰਣ ਇਸ ਦਾ ਅਨੁਵਾਦ "ਪਰਮੇਸ਼ੁਰ" ਦੇ ਰੂਪ ਵਿਚ ਕਰਦੇ ਹਨ (NASB; NRSV; REB; NAB; NJB), ਜਦਕਿ ਹੋਰ ਸੰਸਕਰਣ ਇਸ ਦਾ ਅਨੁਵਾਦ "ਨਿਆਈਆਂ" ਕਰਦੇ ਹਨ (KJV; NKJV; NIV)। ਇਸ ਪ੍ਰਸੰਗ ਵਿਚ, ਸ਼ਬਦ ਪਰਮੇਸ਼ੁਰ ਦੇ ਪ੍ਰਤਿਨਿਧੀਆਂ, ਸ਼ਾਇਦ ਇਸਰਾਏਲ ਦੇ ਬਜ਼ੁਰਗਾਂ ਜਾਂ ਜਾਜਕਾਂ ਨੂੰ ਦਰਸਾਉਂਦਾ ਹੈ।

ਪਵਿੱਤਰ ਸਥਾਨ ਵਿਚ, ਗੋੱਲਾ ਆਪਣੇ ਸਵਾਮੀ ਦੇ ਪ੍ਰਤਿ ਆਪਣੀ ਨਿਰੰਤਰ ਵਫ਼ਾਦਾਰੀ ਦੀ ਸਹੁੰ ਖਾਵੇਗਾ। ਫਿਰ, **ਦਰਵੱਜੇ ਦੇ ਕੋਲ ਅਥਵਾ ਚੁਗਾਠ ਦੇ ਕੋਲ ਲਿਆ ਕੇ,** ਉਸ ਦੇ ਕੰਨ ਨੂੰ **ਵਿੰਨ੍ਹ** (ਵਿੰਨ੍ਹਿਆ) ਜਾਵੇਗਾ। ਇਹ ਪ੍ਰਤੀਕਾਤਮਕ ਕੰਮ ਸ਼ਾਇਦ ਸਵਾਮੀ ਦੇ ਘਰ ਵਿਚ ਹੁੰਦਾ ਸੀ, ਹਾਲਾਂਕਿ ਕੁਝ ਟਿੱਪਣੀਕਾਰਾਂ ਦਾ ਮੰਨਣਾ ਹੈ ਕਿ ਇਸ ਦਾ ਅਰਥ ਪਵਿੱਤਰ ਅਸਥਾਨ ਦੀ ਚੁਗਾਠ ਹੈ। ਉਸ ਦੇ ਕੰਨ ਦਾ ਛੇਦ, ਜਿਸ ਦੇ ਬਾਰੇ ਕੁੱਝ ਲੋਕ ਸੋਚਦੇ ਹਨ ਕਿ ਉਸ ਵਿਚ ਇਕ ਟੈਗ ਲਗਾਇਆ ਜਾਵੇਗਾ, ਉਸ ਦੇ ਮਾਲਕ ਦੀ ਮਾਲਕੀ ਦਾ ਇਕ ਚਿੰਨ੍ਹ ਸੀ। ਗੁਲਾਮ ਦੀ ਸਥਿਤੀ ਤੋਂ ਇਲਾਵਾ, ਕੰਨ ਦੇ ਵਿੰਨ੍ਹੇ ਜਾਣ ਨੇ ਜੋ ਸੰਕੇਤ ਦਿੱਤਾ, ਉਹ ਅਨਿਸ਼ਚਤ ਹੈ। ਇਸ ਨੇ ਸ਼ਾਇਦ ਉਸ ਦੀ ਇੱਛਾ ਨੂੰ ਪਰਗਟ ਕੀਤਾ ਕਿ ਉਹ ਆਪਣੇ ਸਵਾਮੀ ਦੀ ਸੁਣਨਾ ਅਤੇ ਉਸ ਦਾ ਪਾਲਣ ਕਰਨਾ ਚਾਹੁੰਦਾ ਸੀ।

ਜੌਨ ਜੇ. ਡੇਵਿਸ ਨੇ ਲਿਖਿਆ ਕਿ "ਇਕ ਇਬਰਾਨੀ ਗੁਲਾਮ ਦੀ ਇਕ ਇਬਰਾਨੀ ਸਵਾਮੀ ਦੀ ਅਣਇਛੁੱਕ ਸੇਵਾ, ਸਥਾਈ ਰੂਪ ਵਿਚ ਅਜਿਹੀ ਕੋਈ ਚੀਜ਼ ਨਹੀਂ ਸੀ।"[4] ਪਰ, ਇਕ ਇਬਰਾਨੀ ਗੁਲਾਮ ਆਪਣੀ ਸਵੈ-ਇੱਛਾ ਦੇ ਨਾਲ ਜੀਵਨ ਭਰ ਦੇ ਲਈ ਆਪਣੇ ਮਾਲਕ ਦੀ ਸੇਵਾ ਕਰਨ ਲਈ

ਬੰਨ੍ਹਿਆ ਜਾ ਸਕਦਾ ਹੈ। ਬਾਅਦ ਵਿਚ ਦਿੱਤੇ ਗਏ ਕਾਨੂਨ ਦੇ ਅਨੁਸਾਰ, ਹਰ ਪੰਜਾਹਾਂ ਸਾਲਾਂ ਦੇ ਬਾਅਦ, ਜੁਬਲੀ ਦੇ ਸਾਲ ਵਿਚ ਸਾਰੇ ਇਸਰਾਏਲੀ ਗੁਲਾਮਾਂ ਨੂੰ ਅਜ਼ਾਦ ਕਰ ਕੇ ਆਪਣੇ ਦੇਸ ਵਿਚ ਚਲੇ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਸੀ (ਲੇਵੀਆਂ 25:10)। ਫਿਰ ਵੀ, ਇਸਰਾਏਲੀ ਗ਼ੈਰ ਇਸਰਾਏਲੀਆਂ ਵਿਚੋਂ ਸਥਾਈ ਗੁਲਾਮਾਂ ਨੂੰ ਰੱਖ ਸਕਦੇ ਸਨ ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਕੋਲ ਭੇਜ ਸਕਦੇ ਸਨ (ਲੇਵੀਆਂ 25:44-46)।

ਇਸਤਰੀ ਗੁਲਾਮਾਂ ਨੂੰ ਪਤਨੀਆਂ ਦੇ ਰੂਪ ਵਿਚ ਖਰੀਦਿਆ ਗਿਆ (21:7-11)

[7]ਅਰ ਜਦ ਕੋਈ ਮਨੁੱਖ ਆਪਣੀ ਧੀ ਨੂੰ ਗੋੱਲੀ ਹੋਣ ਲਈ ਵੇਚੇ ਤਾਂ ਉਹ ਗੋੱਲਿਆਂ ਵਾਂਙੁ ਬਾਹਰ
ਨਾ ਚੱਲੀ ਜਾਵੇ। [8]ਜੇ ਉਹ ਆਪਣੇ ਸਵਾਮੀ ਦੀਆਂ ਅੱਖਾਂ ਨੂੰ ਨਾ ਭਾਵੇ ਤਾਂ ਜੇ ਉਸ ਨੇ ਉਹ ਦੇ ਨਾਲ
ਕੁੜਮਾਈ ਨਹੀਂ ਕੀਤੀ ਉਹ ਉਸ ਦਾ ਵੱਟਾ ਦੇਵੇ। ਗੈਰ ਕੌਮ ਵਿੱਚ ਉਹ ਉਸ ਨੂੰ ਵੇਚ ਨਹੀਂ ਸੱਕਦਾ
ਕਿਉਂ ਜੋ ਉਸ ਨੇ ਉਹ ਦੇ ਨਾਲ ਛਲ ਕੀਤਾ ਹੈ। [9]ਜੇ ਉਹ ਉਸ ਦੀ ਆਪਣੇ ਪੁੱਤ੍ਰ ਨਾਲ ਕੁੜਮਾਈ
ਕਰੇ ਤਾਂ ਉਹ ਧੀਆਂ ਦੇ ਦਸਤੂਰ ਦੇ ਅਨੁਸਾਰ ਉਹ ਦੇ ਲਈ ਕਰੇ। [10]ਜੇ ਉਹ ਦੂਜੀ ਤੀਵੀਂ ਆਪਣੇ
ਲਈ ਲਵੇ ਤਾਂ ਉਸ ਦੇ ਖਾਣੇ ਕਪੜੇ ਅਤੇ ਵਿਆਹ ਵਾਲੇ ਹੱਕ ਨੂੰ ਨਾ ਘਟਾਵੇ। [11]ਜੇ ਉਹ ਉਸ ਦੇ
ਲਈ ਏਹ ਤਿੰਨ ਗੱਲਾਂ ਨਾ ਕਰੇ ਤਾਂ ਉਹ ਮੁਖਤ ਬਿਨਾਂ ਚਾਂਦੀ ਦੇ ਚੱਲੀ ਜਾਵੇ।

ਆਇਤ 7. ਜੇਕਰ ਇੱਕ ਇਸਰਾਏਲੀ **ਆਪਣੀ ਧੀ ਨੂੰ ਗੋੱਲੀ ਹੋਣ ਲਈ ਵੇਚੇ**, **ਤਾਂ ਉਸ ਦੇ ਨਾਲ ਗੋੱਲਿਆਂ ਵਾਂਙੁ** ਵਿਹਾਰ ਨਹੀਂ ਕੀਤਾ ਜਾ ਸਕਦਾ ਸੀ। ਧਾਰਣਾ ਇਹ ਹੈ ਕਿ ਉਸ ਇਸਤਰੀ ਨੂੰ ਆਪਣੇ ਮਾਲਕ ਜਾਂ ਉਸ ਦੇ ਪੁੱਤਰ ਦੀ ਪਤਨੀ ਹੋਣ ਦੇ ਲਈ ਖਰੀਦਿਆ ਗਿਆ ਸੀ। ਜੇਕਰ ਮਾਲਕ ਨੇ ਉਸ ਨੂੰ ਆਪਣੀ ਪਤਨੀ ਬਣਨ ਦੇ ਲਈ ਖਰੀਦਿਆ ਸੀ, ਤਾਂ ਉਹ ਛੇ ਸਾਲਾਂ ਦੇ ਬਾਅਦ ਮੁਕਤ ਨਹੀਂ ਹੋ ਸਕਦੀ ਸੀ। ਕਿਉਂ? ਇਸ ਦਾ ਕੋਈ ਕਾਰਣ ਨਹੀਂ ਦਿੱਤਾ ਗਿਆ ਹੈ। ਸੰਭਵ ਹੈ ਕਿ "ਵਪਾਰ ਦਾ ਸੌਦਾ" ਜਿਸ ਦੇ ਦੁਆਰਾ ਉਹ ਉਸ ਘਰ ਵਿਚ ਪ੍ਰਵੇਸ਼ ਕਰਦੀ ਸੀ, ਉਸ ਨੂੰ ਉਸ ਸਮੇਂ ਤੋਂ ਬਾਅਦ ਕਿਸੇ ਹੋਰ ਰੂਪ ਵਿਚ ਵੇਖਿਆ ਜਾਂਦਾ ਸੀ। ਵਿਆਹ ਇੱਕ ਮਾਲਕ ਅਤੇ ਗੁਲਾਮ ਵਿਚਲੇ ਰਿਸ਼ਤੇ ਦੇ ਸਮਾਨ ਨਹੀਂ ਹੈ। ਇਹ ਪ੍ਰਬੰਧ ਤਲਾਕ ਦੇ ਪ੍ਰਤੀ ਪਰਮੇਸ਼ੁਰ ਦੇ ਵਤੀਰੇ ਦਾ ਸੰਕੇਤ ਕਰਦਾ ਹੈ (ਮਲਾਕੀ 2:16)।

ਆਇਤਾਂ 8-11. ਕੀ ਇਹ ਮਨਾਹੀ ਉਸ ਇਸਤਰੀ ਗੁਲਾਮ ਦੇ ਲਈ ਯੋਗ ਸੀ ਜਿਸ ਨੂੰ ਛੇ ਸਾਲਾਂ ਦੇ ਬਾਅਦ ਅਜ਼ਾਦ ਨਹੀਂ ਕੀਤਾ ਗਿਆ ਸੀ? ਨਿਆਉਂ ਤੋਂ ਸ਼ਾਇਦ ਇਹ ਅਨੁਮਾਨ ਲੱਗਦਾ ਹੈ ਕਿ ਖਰੀਦ ਦੋਵਾਂ ਪੱਖਾਂ ਦੇ ਲਈ ਚੰਗਾ ਕੰਮ ਕਰੇਗੀ, ਪਰ ਇਸ ਤਰ੍ਹਾਂ ਦੇ ਲੈਣ-ਦੇਣ ਦੇ ਕਈ ਨਤੀਜੇ ਹੋ ਸਕਦੇ ਹਨ।

(1) ਜੇਕਰ ਭਾਵੇਂ ਮਾਲਕ ਇਕ ਹੋਰ ਪਤਨੀ ਨੂੰ ਰੱਖਦਾ ਹੈ, ਤਾਂ ਵੀ ਆਪਣੀ ਖਰੀਦੀ ਹੋਈ ਪਤਨੀ ਦੇ **ਖਾਣੇ ਕਪੜੇ ਅਤੇ ਵਿਆਹ ਵਾਲੇ ਹੱਕ ਕਾਇਮ** ਰਹਿਣਗੇ (21:10)।

(2) ਜੇਕਰ ਮਾਲਕ ਇਕ ਪਤਨੀ ਦੇ ਰੂਪ ਵਿਚ ਉਸ ਨੂੰ ਪਸੰਦ ਨਹੀਂ ਕਰਦਾ ਸੀ, ਤਾਂ ਉਹ ਉਸ ਦਾ **ਵੱਟਾ ਦੇਵੇ** (21:8)। ਹੋਰਨਾਂ ਸ਼ਬਦਾਂ ਵਿਚ, ਜੇਕਰ ਖਰੀਦਾਰੀ ਅਸੰਤੁਸ਼ਟੀ ਵਾਲੀ ਸੀ, ਤਾਂ ਗੁਲਾਮ ਦਾ ਪਿਤਾ ਉਸ ਨੂੰ ਵਾਪਸ ਖਰੀਦ ਸਕਦਾ ਸੀ। ਮਾਲਕ ਉਸ ਨੂੰ **ਗੈਰ ਕੌਮ** ਵਿਚ ਨਹੀਂ ਵੇਚ ਸਕਦਾ ਸੀ ਕਿਉਂਕਿ ਇਹ ਉਸ ਦੇ ਨਾਲ ਅਨਿਆਂ ਹੋਵੇਗਾ। ਜਦਕਿ ਇਹ ਵਾਕ ਸਿਰਫ ਗੈਰ-ਇਸਰਾਏਲੀ ਦਾ ਉਲੇਖ ਕਰ ਸਕਦਾ ਹੈ, ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਉਹ ਆਦਮੀ ਜਿਸ ਨੇ ਉਸ ਨੂੰ ਖਰੀਦਿਆ ਸੀ ਉਸ ਨੂੰ ਤੀਸਰੀ ਪਾਰਟੀ ਦੇ ਕੋਲ ਵੇਚ ਨਹੀਂ ਸਕਦਾ, ਇਕ ਅਜਿਹਾ ਪਰਿਵਾਰ ਜਿਸ ਨੂੰ ਨਾ ਤਾਂ ਉਹ ਨਾ ਹੀ ਉਸ ਦਾ ਪਰਿਵਾਰ ਜਾਣਦਾ ਸੀ।

(3) ਜੇਕਰ ਮਾਲਕ **ਆਪਣੇ ਪੁੱਤ੍ਰ** ਨਾਲ ਉਸ ਦੀ ਕੁੜਮਾਈ ਕਰਨ ਦੇ ਲਈ ਉਸ ਨੂੰ ਖਰੀਦਦਾ

ਸੀ, ਤਾਂ ਉਸ ਨੂੰ ਉਸ ਦੇ ਨਾਲ ਇਕ ਧੀ ਦੇ ਵਾਂਗ ਵਿਹਾਰ ਕਰਨਾ ਪੈਂਦਾ ਸੀ (21:9)।

(4) ਜੇਕਰ ਮਾਲਕ ਨੇ ਉਸ ਨੂੰ ਖਰੀਦਿਆ, ਉਸ ਨੂੰ ਆਪਣੀ ਪਤਨੀ ਬਣਾਇਆ, ਅਤੇ ਉਸ ਦੇ ਹੱਕ ਪੂਰੇ ਨਹੀਂ ਕਰਦਾ ਸੀ, ਤਾਂ ਉਹ **ਮੁਖਤ ਬਿਨਾ ਚਾਂਦੀ** ਦੇ ਚੱਲੀ ਜਾਵੇ (21:11)। ਉਹ ਆਪਣੀ ਅਜ਼ਾਦੀ ਦੀ ਕੀਮਤ ਚੁਕਾਉਣ ਤੋਂ ਬਿਨਾਂ ਇਕ ਅਜ਼ਾਦ ਇਸਤਰੀ ਬਣ ਜਾਂਦੀ ਸੀ।

ਕੂਚ 21:1-11 ਅਤੇ ਜੋ ਨਿਆਉਂ ਆਉਂਦੇ ਹਨ ਉਹ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਇਸਰਾਏਲ ਵਿਚ ਗੁਲਾਮੀ ਜੀਉਣ ਦਾ ਇਕ ਤਰੀਕਾ ਸੀ। ਸ਼ਰਾ ਦੇ ਦਿੱਤੇ ਜਾਣ ਤੋਂ ਪਹਿਲਾਂ, ਇਹ ਪਹਿਲਾਂ ਤੋਂ ਹੀ ਮਾਨਤਾ ਪ੍ਰਾਪਤ ਸੰਸਥਾ ਸੀ, ਅਤੇ ਮੂਸਾ ਦੀ ਸ਼ਰਾ ਨੇ ਇਸ ਨੂੰ ਖਾਰਿਜ ਨਹੀਂ ਕੀਤਾ। ਪਰ, ਸ਼ਰਾ ਨੇ ਇਸ ਨੂੰ ਇਸ ਤਰੀਕੇ ਨਾਲ ਨਿਯਮਤ ਕੀਤਾ ਕਿ ਇਸ ਦੇ ਨਾਕਾਰਾਤਮਕ ਪ੍ਰਭਾਵ, ਕਾਫੀ ਹੱਦ ਤਕ ਖਤਮ ਕਰ ਦਿੱਤੇ ਗਏ ਸਨ।

ਗੌਰਡਨ ਡੀ. ਫੀ ਅਤੇ ਡਗਲਸ ਸਟੂਅਰਟ ਨੇ, ਬਿਵਸਥਾ ਸਾਰ 15:12-17 ਤੇ ਟਿੱਪਣੀਆਂ ਕਰਦੇ ਹੋਏ, ਕਿਹਾ ਕਿ ਮਸੀਹੀ ਦਾਸਾਂ ਦੇ ਬਾਰੇ ਕਾਨੂਨਾਂ ਤੋਂ ਚਾਰ ਗੱਲਾਂ ਸਿੱਖ ਸਕਦੇ ਹਨਖ਼ (1) ਪੁਰਾਣੇ ਨੇਮ ਦੇ ਤਹਿਤ ਗੁਲਾਮੀ ਦੇ ਲਈ ਪਰਮੇਸ਼ੁਰ ਦੇ ਨੇਮ ਕਠੋਰ ਅਤੇ ਨਿਰਦਈ ਨਹੀਂ ਸਨ। (2) ਪਰਮੇਸ਼ੁਰ ਗੁਲਾਮਾਂ ਨੂੰ ਉਸੇ ਤਰ੍ਹਾਂ ਪਿਆਰ ਕਰਦਾ ਹੈ ਜਿਵੇਂ ਉਹ ਅਜ਼ਾਦਾਂ ਨੂੰ ਪਿਆਰ ਕਰਦਾ ਹੈ। (3) ਗੁਲਾਮੀ ਦਾ ਅਭਿਆਸ ਇਸ ਤਰੀਕੇ ਦੇ ਨਾਲ ਕੀਤਾ ਜਾ ਸਕਦਾ ਸੀ ਕਿ ਅਸਲ ਵਿਚ ਗੁਲਾਮ ਅਜ਼ਾਦ ਹੋਣ ਦੀ ਤੁਲਨਾ ਵਿਚ ਗੁਲਾਮੀ ਵਿਚ ਬੇਹਤਰ ਹੁੰਦੇ ਸਨ। (4) ਮਾਲਕ ਪੂਰੀ ਤਰ੍ਹਾਂ ਦੇ ਨਾਲ ਗੁਲਾਮ ਦਾ ਮਾਲਕ ਨਹੀਂ ਸੀ ਹੁੰਦਾ। ਪਰਮੇਸ਼ੁਰ ਗੁਲਾਮ ਤੇ ਮਾਲਕ ਦੋਵਾਂ ਦਾ ਮਾਲਕ ਸੀ।[5]

ਨਿੱਜੀ ਸੱਟਾਂ ਸੰਬੰਧੀ ਬਿਧੀਆਂ (21:12-27)

ਨੇਮ ਦੀ ਪੁਸਤਕ ਦੇ ਇਸ ਭਾਗ ਵਿਚ, ਅਜਿਹੇ ਕਾਨੂਨ ਹਨ ਜੋ "ਨਿਜੀ ਸੱਟਾਂ" ਨਾਲ ਸਬੰਧਤ ਹਨ - ਲੋਕਾਂ ਨੂੰ ਮਾਰਨਾ ਜਾਂ ਜਖ਼ਮੀ ਕਰਨ ਦੇ ਬਾਰੇ ਹਨ। ਇਹ ਨਿਯਮ ਆਮ ਤੌਰ ਤੇ ਆਮ ਨਿਯਮ ਦਿੰਦੇ ਹਨ ਅਤੇ ਫਿਰ ਵਿਸ਼ੇਸ਼ ਮਾਮਲਿਆਂ ਦੇ ਵਿਸ਼ੇ ਵਿਚ ਲਾਗੂ ਹੋਣ ਵਾਲੇ ਨਿਯਮ।

ਖ਼ੂਨ (21:12-14)

12ਜੇ ਕੋਈ ਮਨੁੱਖ ਨੂੰ ਅਜੇਹਾ ਮਾਰੇ ਕਿ ਉਹ ਮਰ ਜਾਵੇ ਤਾਂ ਉਹ ਜਰੂਰ ਮਾਰਿਆ ਜਾਵੇ। 13ਪਰ ਜਿਹੜਾ ਛੈਹ ਕੇ ਨਾ ਬੈਠਾ ਹੋਵੇ ਅਰ ਪਰਮੇਸ਼ੁਰ ਨੇ ਉਸ ਨੂੰ ਉਹ ਦੇ ਹੱਥ ਵਿੱਚ ਆਉਣ ਦਿੱਤਾ ਹੋਵੇ ਤਾਂ ਮੈਂ ਤੇਰੇ ਲਈ ਇੱਕ ਅਸਥਾਨ ਠਹਿਰਾਵਾਂਗਾ ਜਿੱਥੇ ਨੂੰ ਉਹ ਨੱਠ ਜਾਵੇ। 14ਜੇ ਕੋਈ ਮਨੁੱਖ ਆਪਣੇ ਗੁਵਾਂਢੀ ਉੱਤੇ ਧੱਕੇ ਧੱਕੀ ਵਾਰ ਕਰੇ ਤਾਂ ਜੋ ਉਹ ਨੂੰ ਛਲ ਨਾਲ ਮਾਰ ਸੁੱਟੇ ਤਾਂ ਤੂੰ ਉਸ ਨੂੰ ਮੇਰੀ ਜਗਵੇਦੀ ਤੋਂ ਵੀ ਲੈਕੇ ਮਾਰ ਦੇਹ।

ਆਇਤ 12. ਇਹ ਆਇਤ 20:23 ਅਤੇ 21:2 ਦੇ ਵਾਂਗ, ਆਮ ਨੇਮ ਨੂੰ ਦੱਸਦੇ ਹੋਏ ਇਕ ਨਵੇਂ ਖੰਡ ਨੂੰ ਸ਼ੁਰੂ ਕਰਦੀ ਹੈ। ਇਹ ਛੇਵੇਂ ਹੁਕਮ ਤੇ ਅਧਾਰਤ ਹੈ (20:13), ਪਰ ਜਦੋਂ ਕੋਈ ਕਤਲ ਦਾ ਦੋਸ਼ੀ ਹੁੰਦਾ ਹੈ ਤਾਂ ਇਹ ਜ਼ੁਰਮਾਨਾ ਲਾਉਣ ਦੁਆਰਾ ਉਸ ਤੋਂ ਵੱਖਰਾ ਹੋ ਜਾਂਦਾ ਹੈ। ਇਹ ਸਜ਼ਾ ਉਸੇ ਦੇ ਸਮਾਨ ਸੀ ਜੋ ਕਾਇਨ ਦੇ ਵਿਰਲਾਪ ਵਿਚ ਪਾਈ ਜਾਂਦੀ ਹੈ (ਉਤਪਤ 4:14) ਅਤੇ ਜਲ ਪਰਲੋ ਤੋਂ ਬਾਅਦ ਨੂਹ ਦੇ ਨਾਲ ਆਪਣੇ ਨੇਮ ਵਿਚ ਖਾਸ ਤੌਰ ਤੇ ਪਰਮੇਸ਼ੁਰ ਦੇ ਰਾਹੀਂ ਬੋਲੀ ਗਈ ਸੀ (ਉਤਪਤ 9:6): ਉਹ ਵਿਅਕਤੀ ਜੋ ਖ਼ੂਨ ਕਰੇ **ਜਰੂਰ ਮਾਰਿਆ ਜਾਵੇ।**

ਆਇਤ 13. ਸਧਾਰਣ ਕਾਨੂਨ ਉਨ੍ਹਾਂ ਸਥਿਤੀਆਂ ਦਾ ਅਨੁਸਰਣ ਕਰਦਾ ਹੈ ਜੋ ਇਹ ਦੱਸਦੀਆਂ ਹਨ ਕਿ ਵਿਸ਼ੇਸ਼ ਮਾਮਲਿਆਂ ਵਿਚ ਇਸ ਨੂੰ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ। ਕਾਨੂਨ ਖ਼ੂਨ ਤੇ

ਕਤਲੇਆਮ ਵਿਚ ਫਰਕ ਦੱਸਦਾ ਹੈ। ਵਿਚਾਰ ਇਕ ਮੰਤਵ ਹੈ: ਜੇਕਰ ਇਕ ਵਿਅਕਤੀ ਦੂਸਰੇ ਨੂੰ ਮਾਰੇ ਪਰ **ਜਿਹੜਾ ਛੈਹ ਕੇ ਨਾ ਬੈਠਾ ਹੋਵੇ** - ਅਰਥਾਤ, ਪਰ ਜੇਕਰ ਹੱਤਿਆ ਦੀ ਪਹਿਲਾਂ ਤੋਂ ਕਲਪਨਾ ਨਾ ਕੀਤੀ ਹੋਵੇ - ਤਾਂ ਉਹ ਵਿਅਕਤੀ ਕਤਲ ਦਾ ਦੋਸ਼ੀ ਨਹੀਂ ਸੀ। ਫਿਰ ਵੀ, ਉਸ ਦੇ ਕੰਮ ਦੇ ਪਰਿਣਾਮ ਹੋਣਗੇ। ਉਹ ਇਕ ਪਨਾਹ ਨਗਰ ਵਿਚ **ਨੱਠ ਜਾਵੇ** (ਵੇਖੋ ਗਿਣਤੀ 35),[6] ਜਿੱਥੇ ਉਸ ਤੇ ਮੁਕੱਦਮਾ ਚਲਾਇਆ ਜਾਂਦਾ ਸੀ। ਜੇਕਰ ਉਹ ਉਸ ਕਤਲ ਦਾ ਦੋਸ਼ੀ ਨਹੀਂ ਸੀ ਜਿਸ ਨੂੰ "ਪਹਿਲੀ ਡਿਗਰੀ ਦਾ ਕਤਲ" ਕਿਹਾ ਜਾਂਦਾ ਹੈ, ਤਾਂ ਮਹਾਂ ਜਾਜਕ ਦੀ ਮੌਤ ਤਕ ਉਸ ਪਨਾਹ ਨਗਰ ਵਿਚ ਰਹਿ ਕੇ ਬਚ ਸਕਦਾ ਸੀ (ਗਿਣਤੀ 35:25, 28; ਯਹੋਸ਼ੁਆ 20:6)।

ਆਇਤ 14. ਦੂਜੇ ਪਾਸੇ, ਜੇਕਰ ਕੋਈ ਵਿਅਕਤੀ **ਆਪਣੇ ਗੁਵਾਂਢੀ ਉੱਤੇ ਧੱਕੋ ਧੱਕੀ ਵਾਰ ਕਰੇ ਜੋ ਉਹ ਨੂੰ ਛਲ ਨਾਲ ਮਾਰ ਸੁੱਟੇ**, ਤਾਂ ਉਸ ਨੂੰ ਬਚਾਇਆ ਨਾ ਜਾਵੇ। ਉਸ ਨੂੰ **ਮਾਰ** (ਮਰਨਾ) ਸੀ, ਭਾਵੇਂ ਉਸ ਨੇ ਸਜ਼ਾ ਤੋਂ ਬਚਣ ਦੇ ਲਈ **ਜਗਵੇਦੀ** ਦੇ ਸਿੰਗਾਂ ਨੂੰ ਵੀ ਫੜ ਲਿਆ ਹੋਵੇ (ਵੇਖੋ 1 ਰਾਜਿਆਂ 2:28-34)। ਹੋਰਨਾਂ ਸ਼ਬਦਾਂ ਵਿਚ, ਜੇਕਰ ਕਿਸੇ ਨੇ ਦੂਸਰੇ ਨੂੰ ਮਾਰਨ ਦੀ ਯੋਜਨਾ ਬਣਾਈ ਹੋਵੇ ਅਤੇ ਫਿਰ ਜਾਣ ਬੁੱਝ ਕੇ ਅਜਿਹਾ ਕੀਤਾ ਹੋਵੇ, ਉਹ ਕਤਲ ਦਾ ਦੋਸ਼ੀ ਸੀ ਅਤੇ ਉਸ ਨੂੰ ਜ਼ਰੂਰ ਮਾਰਿਆ ਜਾਣਾ ਸੀ।

ਹੋਰ ਮੁੱਖ ਅਪਰਾਧ (21:15-17)

[15]ਜੇ ਕੋਈ ਆਪਣੇ ਪਿਤਾ ਅਰ ਆਪਣੀ ਮਾਤਾ ਨੂੰ ਮਾਰੇ ਉਹ ਜਰੂਰ ਮਾਰਿਆ ਜਾਵੇ। [16]ਜਿਹੜਾ ਕਿਸੇ ਮਨੁੱਖ ਨੂੰ ਚੁਰਾ ਕੇ ਵੇਚੇ ਜਾਂ ਉਸ ਦੇ ਕੱਬਜ਼ੇ ਵਿੱਚੋਂ ਲੱਭ ਪਏ ਤਾਂ ਉਹ ਜ਼ਰੂਰ ਮਾਰਿਆ ਜਾਵੇ। [17]ਜਿਹੜਾ ਆਪਣੇ ਪਿਤਾ ਯਾ ਆਪਣੀ ਮਾਤਾ ਨੂੰ ਫਿਟਕਾਰੇ ਉਹ ਜ਼ਰੂਰ ਮਾਰਿਆ ਜਾਵੇ।

ਇਕ ਵਿਅਕਤੀ ਨੂੰ ਮਾਰਨ ਦੇ ਵਿਸ਼ੇ ਵਿਚ ਦਿੱਤੇ ਗਏ ਨਿਯਮਾਂ ਤੋਂ ਬਾਅਦ ਤਿੰਨਾਂ ਅਪਰਾਧਾਂ ਦੇ ਲਈ ਮੌਤ ਦੀ ਸਜ਼ਾ ਦੀ ਲੋੜ ਹੁੰਦੀ ਹੈ। ਸਪੱਸ਼ਟ ਤੌਰ ਤੇ, ਕਤਲ ਦੇ ਕਾਰਣ ਇਹ ਅਪਰਾਧ ਪਰਮੇਸ਼ੁਰ ਦੇ ਸਾਹਮਣੇ ਘਿਣਾਉਣੇ ਸਨ। ਪਹਿਲਾ ਅਤੇ ਤੀਸਰਾ ਕਿਸੇ ਦਾ ਆਪਣੇ ਮਾਤਾ-ਪਿਤਾ ਦੇ ਨਾਲ ਰਿਸ਼ਤੇ ਨਾਲ; ਦੂਸਰਾ, ਕਿਸੇ ਵਿਅਕਤੀ ਦੇ ਆਪਣੇ ਸਰੀਰ ਦੀ ਪਵਿੱਤਰਤਾ ਦੇ ਨਾਲ ਸਬੰਧਤ ਹੈ।

ਆਇਤ 15. ਪੰਜਵੇਂ ਹੁਕਮ ਨੂੰ "ਤੂੰ ਆਪਣੇ ਪਿਤਾ ਅਰ ਆਪਣੀ ਮਾਤਾ ਦਾ ਆਦਰ ਕਰ" (20:12) ਇਸ ਆਇਤ ਵਿਚ ਹੋਰ ਵੀ ਖੋਲ੍ਹ ਕੇ ਦੱਸਿਆ ਗਿਆ ਹੈ। ਉਹ ਵਿਅਕਤੀ ਜੋ **ਆਪਣੇ ਪਿਤਾ ਅਰ ਆਪਣੀ ਮਾਤਾ ਨੂੰ ਮਾਰੇ** ਜਾਂ ਸਰੀਰਕ ਸ਼ੋਸਣ ਕਰੇ ਉਹ **ਮਾਰਿਆ** ਜਾਵੇਗਾ।

ਆਇਤ 16. ਜੋ ਵਿਅਕਤੀ ਕਿਸੇ ਨੂੰ **ਚੁਰਾ ਕੇ ਵੇਚੇ** ਉਸ ਨੂੰ ਵੀ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਜਿਵੇਂ ਖ਼ੂਨ ਕਰਨਾ ਜੀਵਨ ਨੂੰ ਲੈ ਲੈਂਦਾ ਹੈ, ਉਸੇ ਤਰ੍ਹਾਂ ਚੁਰਾ ਵਾਲਾ ਵਿਅਕਤੀ ਇਕ ਵਿਅਕਤੀ ਦੇ ਜੀਵਨ ਨੂੰ ਚੋਰੀ ਕਰਦਾ ਹੈ - ਅੱਠਵੇਂ ਹੁਕਮ ਦਾ ਉਲੰਘਣ (20:15)। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਸ ਵਿਅਕਤੀ ਦੇ ਨਾਲ ਜਿਸ ਨੂੰ ਚੁਰਾ ਲਿਆ ਗਿਆ ਸੀ ਕੀ ਹੋਇਆ ਸੀ, ਪਰ ਇਕ ਚੁਰਾਉਣ ਵਾਲੇ ਨੇ ਉਸ ਦੇ ਜੀਵਨ ਨੂੰ ਜ਼ਬਤ ਕੀਤਾ ਸੀ। ਕੋਈ ਇਸਰਾਏਲੀ ਕਿਸੇ ਦੂਸਰੇ ਨੂੰ ਜਬਰਦਸਤੀ ਗੁਲਾਮ ਬਣਾ ਨਹੀਂ ਸਕਦਾ ਸੀ; ਕਿਸੇ ਨੂੰ ਚੁਰਾਉਣਾ ਅਤੇ ਉਸ ਨੂੰ ਗੁਲਾਮ ਬਣਾਉਣਾ ਅਗਵਾ ਕਰਨਾ ਹੁੰਦਾ ਹੈ, ਜਿਸ ਨੂੰ **ਮਾਰਿਆ ਜਾਵੇ**।

ਆਇਤ 17. ਪੰਜਵਾਂ ਹੁਕਮ ਇਕ ਵਾਰ ਫੇਰ ਫੈਲਦਾ ਹੈ। ਉਹ **ਜੋ ਆਪਣੇ ਪਿਤਾ ਯਾ ਆਪਣੀ ਮਾਤਾ ਨੂੰ ਫਿਟਕਾਰੇ** ਉਹ ਦੋਸ਼ੀ ਠਹਿਰਦਾ ਹੈ। ਹੋ ਸਕਦਾ ਹੈ ਕਿ ਕਿਸੇ ਦੇ ਦੁਆਰਾ ਆਪਣੇ ਮਾਤਾ ਪਿਤਾ ਨੂੰ ਫਿਟਕਾਰਣਾ ਇਕੋ ਘਟਨਾ ਦਾ ਉਲੇਖ ਨਾ ਕਰਦਾ ਹੋਵੇ, ਸਗੋਂ ਇਹ ਇਕ ਨਿਰੰਤਰ ਵਿਹਾਰ ਹੋਵੇ। ਜੌਨ ਐੱਚ. ਵਿਲਟਨ ਅਤੇ ਵਿਕਟਰ ਐੱਚ. ਮੈਥਿਊ ਨੇ ਲਿਖਿਆ, "ਇੱਥੇ ਉਲੰਘਣ

ਫਿਟਕਾਰਣਾ ਨਹੀਂ ਹੇ, ਸਗੋਂ ਅਨਾਦਰ ਵਾਲਾ ਵਿਹਾਰ ਕਰਨਾ ਹੈ,"[7] ਫਿਰ ਵੀ, ਜਦਕਿ, "ਫਿਟਕਾਰਿਆ" (קָלַל, *ਕਲਾਲ)* ਕਿਸ ਨੂੰ ਮਾਮੂਲੀ ਜਾਂ ਤੁੱਛ ਸਮਝਣ ਦਾ ਵਿਚਾਰ ਹੋ ਸਕਦਾ ਹੈ (ਉਤਪਤ 16:4, 5), ਕਿਰਿਆ ਆਮ ਤੌਰ ਤੇ ਕਿਸੇ ਨੂੰ ਕੋਸਣ ਨੂੰ ਦਰਸਾਉਂਦਾ ਹੈ ਜਦੋਂ ਇਹ ਵਧੇਰੇ ਗਹਿਰੇ ਰੂਪਾਂ ਵਿਚ ਪਰਗਟ ਹੁੰਦੀ ਹੈ (ਉਤਪਤ 12:3; ਲੇਵੀਆਂ 24:14, 23; 2 ਸਮੂਏਲ 16:5; ਕਹਾਉਤਾਂ 20:20; ਉਪਦੇਸ਼ਕ ਦੀ ਪੋਥੀ 7:21)।

ਆਇਤਾਂ 15 ਅਤੇ 17 ਇੰਨੀਆਂ ਮਹੱਤਵਪੂਰਣ ਕਿਉਂ ਹਨ ਕਿ ਇਨ੍ਹਾਂ ਨੂੰ ਤੋੜਣਾ ਕਿਸੇ ਦੇ ਲਈ **ਮਾਰਿਆ ਜਾਵੇ** (ਮਾਰੇ ਜਾਣ ਦਾ ਕਾਰਣ ਬਣ ਜਾਂਦਾ ਹੈ)? ਸ਼ਾਇਦ ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਮਾਤਾ-ਪਿਤਾ ਦਾ ਆਪਣੇ ਬੱਚਿਆਂ ਉੱਤੇ ਅਧਿਕਾਰ ਪਰਮੇਸ਼ੁਰ ਦਾ ਆਪਣੇ ਬੱਚਿਆਂ ਉੱਤੇ ਵਿਹਾਰ ਨੂੰ ਦਰਸਾਉਂਦਾ ਹੈ; ਕਿਸੇ ਦਾ ਆਪਣੇ ਮਾਤਾ ਪਿਤਾ ਨੂੰ ਮਾਰਨਾ ਜਾਂ ਸਰਾਪ ਦੇਣਾ ਪਰਮੇਸ਼ੁਰ ਦੇ ਅਧਿਕਾਰ ਦੇ ਖ਼ਿਲਾਫ਼ ਹੈ। ਇਸ ਤਰ੍ਹਾਂ ਦੇ ਵਿਹਾਰ ਦੇ ਨਾਲ ਇਕ ਅਰਾਜਕ ਸਮਾਜ ਅੱਗੇ ਵੱਧਦਾ ਹੈ। ਪਰਮੇਸ਼ੁਰ ਨੇ ਮਾਪਿਆਂ ਦੇ ਪ੍ਰਤਿ ਅਣਆਗਿਆਕਾਰੀ ਅਤੇ ਅਨਾਦਰ ਨੂੰ ਬਹੁਤ ਹੀ ਗੰਭੀਰ ਪਾਪ ਮੰਨਦਾ ਹੈ।

ਮਾਰਨ ਦੁਆਰਾ ਲੱਗਣ ਵਾਲੀਆਂ ਸੱਟਾਂ (21:18-27)

ਮੌਤ ਦੀ ਸਜ਼ਾ ਵਾਲੇ ਅਪਰਾਧਾਂ ਨੂੰ ਸੰਬੋਧਤ ਕਰਨ ਤੋਂ ਬਾਅਦ, ਮੂਲ ਲਿਖਤ ਚਾਰ ਅਜਿਹੀਆਂ ਸਥਿਤੀਆਂ ਦਾ ਵਰਣਨ ਕਰਦੀ ਹੈ ਜਿਨ੍ਹਾਂ ਵਿਚ ਕਤਲ ਨਹੀਂ, ਪਰ ਮਾਰਨਾ ਸ਼ਾਮਲ ਹੈ। ਚਾਰਾਂ ਸਥਿਤੀਆਂ ਵਿਚ ਆਮ ਤੌਰ ਤੇ ਜਾਂ ਤਾਂ ਜਾਣਬੁੱਝ ਕੇ ਜਾਂ ਅਚਾਣਕ "ਮਾਰਨਾ" ਜਾਂ "ਮਾਰਿਆ" ਜਾਣਾ ਹੈ (ਵੇਖੋ 21:18, 19, 20, 22, 26)।

ਜਦੋਂ ਮਨੁੱਖ ਲੜਨ ਅਤੇ ਇਕ ਮਨੁੱਖ ਦੂਜੇ ਨੂੰ ਸੱਟ ਲਾ ਦੇਵੇ (21:18, 19)

18ਜਦ ਮਨੁੱਖ ਲੜ ਪੈਣ ਅਤੇ ਇੱਕ ਮਨੁੱਖ ਆਪਣੇ ਗਵਾਂਢੀ ਨੂੰ ਪੱਥਰ ਨਾਲ ਯਾ ਹੂਰੇ ਨਾਲ ਮਾਰੇ ਪਰ ਉਹ ਨਾ ਮਰੇ ਪਰੰਤੂ ਆਪਣੇ ਮੰਜੇ ਉੱਤੇ ਪੈ ਜਾਵੇ, 19ਤਾਂ ਜੇ ਕਦੀ ਉਹ ਉੱਠ ਕੇ ਆਪਣੀ ਲਾਠੀ ਨਾਲ ਬਾਹਰ ਫਿਰੇ ਤਾਂ ਉਸ ਦਾ ਮਾਰਨ ਵਾਲਾ ਬੇਦੋਸ਼ ਠਹਿਰੇ। ਨਿਰਾ ਉਸ ਦੇ ਵਿਹਲੇ ਸਮੇਂ ਦਾ ਘਾਟਾ ਭਰੇ ਅਤੇ ਉਸ ਨੂੰ ਪੂਰੀ ਤਰਾਂ ਨਾਲ ਚੰਗਾ ਕਰਾਵੇ।

ਆਇਤ 18. ਪੇਸ਼ ਕੀਤੇ ਗਏ ਪਹਿਲੇ ਮਾਮਲੇ ਵਿਚ, ਇਕ ਮਨੁੱਖ ਦੂਜੇ ਮਨੁੱਖ ਨੂੰ ਸੱਟ ਲਾਉਂਦਾ ਹੈ ਜਦੋਂ ਦੋਵੇਂ ਲੜ ਰਹੇ ਹੁੰਦੇ ਹਨ; ਪਰਤੱਖ ਰੂਪ ਵਿਚ ਝਗੜੇ ਲਈ ਦੋਵੇਂ ਬਰਾਬਰ ਦੇ ਜ਼ਿੰਮੇਵਾਰ ਹਨ। ਕੋਈ **ਮਰਦਾ** ਨਹੀਂ ਹੈ, ਇਸ ਲਈ, ਇੱਥੇ ਕਤਲ ਦੀ ਸਜ਼ਾ ਲਾਗੂ ਨਹੀਂ ਹੋਵੇਗੀ। ਸੱਟ ਇੰਨੀ ਗੰਭੀਰ ਨਹੀਂ ਹੈ; ਉਹ ਮਨੁੱਖ ਜਿਸ ਨੂੰ ਮਾਰਿਆ ਗਿਆ ਹੈ **ਮੰਜੇ ਉੱਤੇ ਪੈ ਜਾਂਦਾ ਹੈ** ਪਰ ਬਾਅਦ ਵਿਚ ਠੀਕ ਹੋ ਜਾਂਦਾ ਹੈ।

ਆਇਤ 19. ਜੇਕਰ ਉਹ ਮਨੁੱਖ ਜਿਸ ਨੂੰ ਸੱਟ ਲੱਗੀ ਹੈ **ਉੱਠ ਕੇ ਆਪਣੀ ਲਾਠੀ ਨਾਲ ਬਾਹਰ ਫਿਰੇ** (ਜੋ ਕਿ ਪੌੜੀਆਂ ਨਾਲ ਚੱਲਣ ਦੇ ਬਰਾਬਰ ਹੈ) ਤਾਂ ਇਸ ਦੇ ਲਈ ਜੋ ਸਜ਼ਾ ਨਿਰਧਾਰਤ ਕੀਤੀ ਗਈ ਸੀ ਉਹ ਇਹ ਸੀ ਕਿ ਜਿਸ ਮਨੁੱਖ ਨੇ ਸੱਟ ਲਾਈ ਹੈ ਉਹ **ਉਸ ਦੇ ਵਿਹਲੇ ਸਮੇਂ ਦਾ ਘਾਟਾ ਭਰੇ**। ਦੂਜੇ ਸ਼ਬਦਾਂ ਵਿਚ, ਸੱਟ ਲਾਉਣ ਵਾਲੇ ਦਾ ਇਹ ਫਰਜ਼ ਬਣਦਾ ਸੀ ਕਿ ਉਹ ਸੱਟ ਲੱਗਣ ਵਾਲੇ ਨੂੰ ਉੱਨਾ ਹਰਜ਼ਾਨਾ ਭਰੇ ਜਿੰਨਾ ਉਸ ਨੇ ਉਸ ਸਮੇਂ ਕਮਾਉਣਾ ਸੀ ਜੇਕਰ ਉਹ ਉੱਨੇ ਸਮੇਂ ਤੱਕ ਕੰਮ ਕਰਦਾ ਜਿੰਨੇ ਸਮੇਂ ਤੱਕ ਉਸ ਨੂੰ ਵਿਹਲਾ ਰਹਿਣ ਪਿਆ ਹੈ। ਸੱਟ ਲਾਉਣ ਵਾਲੇ ਨੂੰ ਚਾਹੀਦਾ ਹੈ ਕਿ ਉਹ **ਉਸ ਨੂੰ ਪੂਰੀ ਤਰ੍ਹਾਂ ਨਾਲ ਚੰਗਾ ਕਰਾਵੇ**। ਦੂਜੇ ਸ਼ਬਦਾਂ ਵਿਚ, ਉਹ ਉਸ ਵਿਅਕਤੀ ਦੀਆਂ ਜਿਸ ਨੂੰ ਉਸ ਨੇ ਸੱਟ ਲਾਈ ਸੀ ਭੋਜਨ ਅਤੇ ਦਵਾਈ ਸਮੇਤ ਸਾਰੀਆਂ ਜਰੂਰਤਾਂ

ਨੂੰ ਤਦ ਤੱਕ ਪੂਰਾ ਕਰਨ ਦੇ ਲਈ ਜ਼ਿੰਮੇਵਾਰ ਸੀ ਜਦੋਂ ਤੱਕ ਉਹ ਪੂਰੀ ਤਰ੍ਹਾਂ ਠੀਕ ਨਹੀਂ ਸੀ ਹੋ ਜਾਂਦਾ।

ਜਦੋਂ ਮਾਲਕ ਆਪਣੇ ਗੋੱਲੇ ਨੂੰ ਡਾਂਗ ਮਾਰੇ ਅਤੇ ਉਸ ਦਾ ਗੋੱਲਾ ਮਰ ਜਾਵੇ (21:20, 21)

[20]ਜਿਹੜਾ ਮਨੁੱਖ ਆਪਣੇ ਗੋੱਲੇ ਨੂੰ ਯਾ ਆਪਣੀ ਗੋੱਲੀ ਨੂੰ ਡਾਂਗ ਨਾਲ ਅਜੇਹਾ ਮਾਰੇ ਕਿ ਉਹ ਉਸ ਦੇ ਹੱਥੋਂ ਮਰ ਜਾਵੇ ਤਾਂ ਉਸ ਤੋਂ ਵੱਟਾ ਲਿਆ ਜਾਵੇ। [21]ਪਰੰਤੂ ਜੇ ਉਹ ਇੱਕ ਦੋ ਦਿਨ ਜੀਉਂਦਾ ਰਹੇ ਤਾਂ ਉਸ ਤੋਂ ਬਦਲਾ ਨਾ ਲਿਆ ਜਾਵੇ ਕਿਉਂ ਜੋ ਉਹ ਉਸ ਦਾ ਮਾਲ ਹੈ।

ਅਗਲੀ ਬਿਧੀ ਇਕ ਸਵਾਲ ਦੀ ਉਮੀਦ ਕਰਦੀ ਸੀ: "ਜੇਕਰ ਮੈਂ ਕਿਸੇ ਹੋਰ ਨੂੰ ਸੱਟ ਲਾਈ ਹੈ ਮੈਂ ਜ਼ਿੰਮੇਵਾਰ ਹਾਂ, ਪਰ ਕੀ ਵਿਅਕਤੀਗਤ ਸੱਟ ਦੀ ਬਿਧੀ ਤਦ ਵੀ ਲਾਗੂ ਹੁੰਦੀ ਹੈ ਜੇਕਰ ਮੈਂ ਆਪਣੇ ਗੋੱਲੇ ਨੂੰ ਸੱਟ ਲਾਉਂਦਾ ਹਾਂ?" ਇਸ ਦਾ ਜਵਾਬ ਹੈ ਕਿ ਬਿਧੀ ਲਾਗੂ ਹੁੰਦੀ ਹੈ, ਪਰ ਸੋਧਾਂ ਨਾਲ। ਇਹ ਦੋ ਸੰਭਾਵਨਾਵਾਂ ਦੀ ਗੱਲ ਕਰਦੇ ਸਨ।

ਆਇਤ 20. ਪਹਿਲੀ, ਕੋਈ ਵਿਅਕਤੀ ਇਕ **ਗੋੱਲੇ ਨੂੰ ਡਾਂਗ ਨਾਲ** ਮਾਰ ਸਕਦਾ ਹੈ, ਪਰ ਜੇਕਰ ਉਹ ਗੋੱਲਾ ਡਾਂਗ ਮਾਰਨ ਨਾਲ ਮਰ ਜਾਵੇ, ਤਾਂ ਅਜਿਹੀ ਹਾਲਤ ਵਿਚ, ਮਾਲਕ ਤੋਂ **ਵੱਟਾ ਲਿਆ ਜਾਵੇ**, ਹਾਲਾਂਕਿ ਵੱਟਾ ਕਿਸ ਤਰ੍ਹਾਂ ਲੈਣਾ ਹੈ ਇਹ ਨਹੀਂ ਦੱਸਿਆ ਗਿਆ। ਧਾਰਣਾ ਇਹ ਹੈ ਕਿ ਮਾਲਕ ਨੇ ਆਪਣੇ ਗੋੱਲੇ ਨੂੰ ਸਜ਼ਾ ਦੇਣ ਦੇ ਲਈ ਜ਼ਿਆਦਾ ਤਾਕਤ ਦਾ ਇਸਤੇਮਾਲ ਕੀਤਾ ਸੀ, ਜਾਂ ਸ਼ਾਇਦ ਗੋੱਲੇ ਨੂੰ ਜਾਨੋਂ ਵੀ ਮਾਰਨਾ ਚਾਹਿਆ ਸੀ। ਇਸ ਲਈ, ਮਾਲਕ ਤੋਂ ਵੱਟਾ ਲਿਆ ਜਾਣਾ ਚਾਹੀਦਾ ਹੈ।

ਆਇਤ 21. ਦੂਜੀ, ਕੋਈ ਵਿਅਕਤੀ ਆਪਣੇ ਗੋੱਲੇ ਨੂੰ ਮਾਰ ਸਕਦਾ ਸੀ ਪਰ ਜੇ ਉਹ ਮਾਰਨ ਤੋਂ ਬਾਅਦ ਇਕ ਦੋ ਦਿਨ ਜੀਉਂਦਾ ਰਹੇ ਅਤੇ ਫਿਰ ਮਰ ਜਾਵੇ, ਤਾਂ ਅਜਿਹੀ ਹਾਲਤ ਵਿਚ, ਮਾਲਕ ਤੋਂ ਬਦਲਾ ਲਿਆ ਜਾਵੇ। ਗੋੱਲੇ ਦਾ ਮਰਨਾ ਹੀ ਮਾਲਕ ਦੇ ਲਈ ਬਹੁਤ ਵੱਡੀ ਸਜ਼ਾ ਸੀ, ਕਿਉਂਕਿ ਇਹ ਗੋੱਲਾ ਉਸ ਦਾ ਕੀਮਤੀ **ਮਾਲ** ਸੀ। ਇਸ ਹਾਲਤ ਵਿਚ ਧਾਰਣਾ ਇਹ ਹੈ ਕਿ ਮਾਲਕ ਆਪਣੇ ਗੋੱਲੇ ਨੂੰ ਜਾਨੋਂ ਨਹੀਂ ਸੀ ਮਾਰਨਾ ਚਾਹੁੰਦਾ, ਜਿਵੇਂ ਕਿ ਇਹ ਗੱਲ ਇਸ ਤੋਂ ਸਾਬਤ ਹੁੰਦੀ ਹੈ ਕਿ ਮਾਰਨ ਤੋਂ ਬਾਅਦ ਵੀ ਗੋੱਲਾ ਇਕ ਦੋ ਦਿਨ ਜੀਉਂਦਾ ਰਿਹਾ ਸੀ।

21ਵੀਂ ਸਦੀ ਵਿਚ ਰਹਿ ਰਹੇ ਲੋਕਾਂ ਦੇ ਲਈ, ਇਹ ਬਿਧੀ ਹੋ ਕਹਿੰਦੀ ਹੈ ਕਿ ਮਾਲਕ ਅਚਾਣਕ ਆਪਣੇ ਗੋੱਲੇ ਨੂੰ ਮਾਰ ਸਕਦਾ ਸੀ ਨਿਰਦਈ ਜਾਪਦੀ ਹੈ। ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਜਦ ਕਿ ਇਹ ਬਿਧੀਆਂ ਗੋੱਲਿਆਂ ਨੂੰ ਮਾਲ ਜਾਂ ਸੰਪਤੀ ਕਹਿੰਦੀਆਂ ਹਨ, ਉਨ੍ਹਾਂ ਨੂੰ ਸਿਰਫ ਮਾਲ ਜਾਂ ਸੰਪਤੀ ਦੇ ਰੂਪ ਵਿਚ ਨਹੀਂ ਸੀ ਵੇਖਿਆ ਜਾਂਦਾ। ਪੁਰਾਣੇ ਨੇਮ ਦੀ ਬਿਵਸਥਾ ਅਧੀਨ, ਗੋੱਲਾ ਕਿਸੇ ਫਰਨੀਚਰ (ਸਾਜ਼-ਸਮਾਨ) ਜਾਂ ਇਕ ਘਰੇਲੂ ਜਾਨਵਰ ਦੇ ਬਰਾਬਰ ਨਹੀਂ ਸੀ। ਮੇਜ਼ ਦੇ ਮਾਲਕ ਨੂੰ ਇਸ ਬਿਧੀ ਨੂੰ ਤੋੜਨ, ਜਾਂ ਇਕ ਗਊ ਦੇ ਮਾਲਕ ਨੂੰ ਇਸ ਨੂੰ ਜਾਨੋਂ ਮਾਰਨ ਤੋਂ ਰੋਕਣ ਦੇ ਲਈ ਕੋਈ ਬਿਧੀਆਂ ਨਹੀਂ ਸਨ। ਪਰ, ਉਸ ਸੰਬੰਧ ਵਿਚ ਬਿਧੀਆਂ ਜਰੂਰ ਸਨ ਜੋ ਇਕ ਗੋੱਲੇ ਦਾ ਮਾਲਕ ਉਸ ਨਾਲ ਕਰ ਸਕਦਾ ਸੀ। ਗੋੱਲਿਆਂ ਦੇ ਹੱਕ ਸੀਮਤ ਸਨ, ਪਰ ਉਨ੍ਹਾਂ ਦੇ ਕੁਝ ਹੱਕ ਜਰੂਰ ਹੁੰਦੇ ਸਨ।

ਜਦੋਂ ਮਨੁੱਖ ਆਪੋ ਵਿੱਚ ਲੜਨ ਅਤੇ ਗਰਭਣੀ ਤੀਵੀਂ ਨੂੰ ਮਾਰਨ (21:22-25)

[22]ਜਦ ਕਦੀ ਮਨੁੱਖ ਆਪੋ ਵਿੱਚ ਹੱਥੋਂ ਪਾਈ ਹੋਣ ਅਤੇ ਕਿਸੇ ਗਰਭਣੀ ਤੀਵੀਂ ਨੂੰ ਧੱਕਾ ਮਾਰਨ ਕਿ ਉਸ ਦਾ ਗਰਭ ਡਿੱਗ ਪਏ ਪਰ ਕੋਈ ਹੋਰ ਕਸਰ ਨਾ ਪਏ ਤਾਂ ਉਹ ਜਰੂਰ ਡੰਨ ਭਰੇ ਜਿੰਨਾ ਉਸ ਤੀਵੀਂ ਦਾ ਪਤੀ ਉਸ ਉੱਤੇ ਠਹਿਰਾਵੇ ਪਰ ਉਹ ਨਿਆਈਆਂ ਦੇ ਆਖੇ ਅਨੁਸਾਰ ਦੇਵੇ। [23]ਪਰੰਤੂ

ਜੇ ਕੋਈ ਕਸਰ ਹੋ ਜਾਵੇ ਤਾਂ ਜੀਵਨ ਦੇ ਵੱਟੇ ਜੀਵਨ, [24]ਅੱਖ ਦੇ ਵੱਟੇ ਅੱਖ, ਦੰਦ ਦੇ ਵੱਟੇ ਦੰਦ, ਹੱਥ ਦੇ ਵੱਟੇ ਹੱਥ, ਪੈਰ ਦੇ ਵੱਟੇ ਪੈਰ, [25]ਸਾੜਨ ਦੇ ਵੱਟੇ ਸਾੜਨ, ਫੱਟ ਦੇ ਵੱਟੇ ਫੱਟ, ਸੱਟ ਦੇ ਵੱਟੇ ਸੱਟ ਤੂੰ ਦੇਹ।

ਆਇਤ 22. ਤੀਜੇ ਮਾਮਲੇ ਵਿਚ ਜਿਸ ਦੇ ਵਿਚ ਕਤਲ ਸ਼ਾਮਲ ਨਹੀਂ ਹੈ, ਦੋ ਮਨੁੱਖਾਂ ਦੇ ਆਪੋ ਵਿੱਚ ਹੱਥੋਂ ਪਾਈ ਹੋਣ ਨਾਲ ਇਕ ਗਰਭਣੀ ਤੀਵੀਂ ਨੂੰ ਸੱਟ ਲੱਗ ਜਾਂਦੀ ਹੈ। ਇਸ ਹੱਥੋਂ ਪਾਈ ਹੋਣ ਦੇ ਕਾਰਣ ਉਸ **ਤੀਵੀਂ** ਨੂੰ ਜੋ ਨੁਕਸਾਨ ਹੁੰਦਾ ਸੀ ਉਸ ਨੂੰ ਓਨਾ ਹੀ ਭੁਗਤਾਨ ਕਰਨਾ ਪੈਂਦਾ ਸੀ ਜਿੰਨਾ ਕਿ ਕਿਸੇ ਨੂੰ ਸੱਟ ਲੱਗਣ ਤੇ ਕੀਤਾ ਜਾਂਦਾ ਸੀ।

ਇਨ੍ਹਾਂ ਆਇਤਾਂ ਸੰਬੰਧੀ ਇਕ ਸਵਾਲ ਜੋ ਖੜ੍ਹਾ ਹੁੰਦਾ ਹੈ ਉਹ ਇਹ ਹੈ ਕਿ ਸੱਟ ਲੱਗਣ ਵਾਲੀ ਔਰਤ ਦਾ **ਗਰਭ ਡਿੱਗ ਜਾਂਦਾ ਹੈ** ਜਾਂ ਉਸ ਦਾ ਗਰਭਪਾਤ ਹੋ ਜਾਂਦਾ ਹੈ। ਇਸ ਵਿਸ਼ੇ ਤੇ ਵੱਖ-ਵੱਖ ਅਨੁਵਾਦ ਕੀਤੇ ਗਏ ਹਨ। NRSV, REB, NAB ਅਤੇ NJB ਬਾਈਬਲ ਵਿਚ ਇਸ ਆਇਤ ਵਿਚ ਇਸ ਸ਼ਬਦ ਦਾ ਜੋ ਅਰਥ ਦਿੱਤਾ ਗਿਆ ਹੈ ਉਹ "ਗਰਭਪਾਤ" ਹੈ। NIV ਬਾਈਬਲ ਦੀ ਮੂਲ ਲਿਖਤ ਵਿਚ "ਗਰਭ ਡਿੱਗ ਜਾਂਦਾ" ਹੈ, ਪਰ ਇਕ ਵਿਕਲਪ ਦੇ ਤੌਰ ਤੇ ਪੜ੍ਹਨ ਦੇ ਲਈ ਪਗਟਿੱਪਣੀ ਵਿਚ ਲਿਖਿਆ ਹੈ ਕਿ "ਉਸ ਦਾ ਗਰਭਪਾਤ ਹੋ ਜਾਂਦਾ ਹੈ।" KJV ਬਾਈਬਲ ਕਹਿੰਦੀ ਹੈ, "ਉਸ ਦਾ ਫਲ ਉਸ ਤੋਂ ਜਾਂਦਾ ਰਿਹਾ।"

ਇਬਰਾਨੀ ਮੂਲ ਲਿਖਤ ਸ਼ਾਬਦਿਕ ਤੌਰ ਤੇ ਕਹਿੰਦੀ ਹੈ: "ਉਹ ਗਰਭਣੀ ਇਸਤਰੀ ਨੂੰ ਧੱਕਾ ਮਾਰਨ ਅਤੇ ਉਸ ਦੇ ਬੱਚੇ [ਬਹੁਵਚਨ] ਗਰਭ ਵਿੱਚੋਂ ਬਾਹਰ ਆ ਜਾਣ ਅਤੇ ਉਸ ਨੂੰ ਕੋਈ ਸੱਟ ਨਾ ਲੱਗੇ।" ਇਹ ਭਾਸ਼ਾ ਪਰਤੱਖ ਰੂਪ ਵਿਚ ਅਸਪੱਸ਼ਟ ਹੈ: ਮੂਲ ਲਿਖਤ ਸਪੱਸ਼ਟ ਤੌਰ ਤੇ ਇਹ ਨਹੀਂ ਕਹਿੰਦੀ ਕਿ ਬੱਚਾ ਜਿਹੜਾ "ਬਾਹਰ ਆ ਜਾਂਦਾ ਹੈ" ਉਹ ਗਰਭਪਾਤ ਜਾਂ ਬੱਚੇ ਦੇ ਗਰਭ ਵਿਚ ਡਿੱਗ ਪੈਣ ਦਾ ਨਤੀਜਾ ਹੈ ਜਾਂ ਨਹੀਂ। ਗਰਭਪਾਤ ਦੀ ਬਜਾਇ ਬੱਚਾ ਡਿੱਗਣ (ਸਮੇਂ ਤੋਂ ਪਹਿਲਾਂ ਜਨਮ ਹੋਣ) ਦਾ ਅਰਥ ਕੀ ਹੈ ਉਸ ਸਥਿਤੀ ਬਾਰੇ ਇਕ ਮਜ਼ਬੂਤ ਵਿਸ਼ਾ ਬਣਾਇਆ ਜਾ ਸਕਦਾ ਹੈ। ਡੋਨਲ ਪੀ. ਓ'ਮਥੁਨਾ ਨੇ ਲਿਖਿਆ,

> *ਯਾਸਾ* ਕਿਰਿਆ ਦਾ ਅਰਥ ਹੁੰਦਾ ਹੈ "ਬਾਹਰ ਨਿੱਕਲਣਾ" ਜਾਂ "ਬਾਹਰ ਆਉਣਾ" ਅਤੇ ਇਹ ਬੱਚਿਆਂ ਦੇ ਸਧਾਰਣ ਜਨਮ ਦਾ ਹਵਾਲਾ ਦਿੰਦੀ ਹੈ ਜੋ ਆਪਣੀ ਮਾਂ ਦੀ ਕੁੱਖ (ਉਤਪਤ 25:25-26; 38:27-30) ਜਾਂ ਉਨ੍ਹਾਂ ਦੇ ਪਿਤਾ ਦੇ ਤੁਖਮ (ਉਤਪਤ 15:4; 46:26) ਵਿੱਚੋਂ ਨਿੱਕਲਦੇ ਹਨ। ਸਿਰਫ ਗਿਣਤੀ 12:12 ਵਿਚ ਇਹ ਮ੍ਰਿਤ ਜਨਮ ਦਾ ਹਵਾਲਾ ਦਿੰਦੀ ਹੈ ਅਤੇ ਉੱਥੇ ਕਰਤਾ *ਯੈਲਡ* ਨਹੀਂ ਹੈ, ਪਰ *ਮੈਵਟ* ਹੈ, ਕੋਈ ਮਰੀ ਹੋਈ ਚੀਜ਼। ਬਾਈਬਲ ਅਨੁਸਾਰ ਸਿਰਫ ਇੱਕੋ ਬੰਦ ਜੋ *ਯੈਲਡ* ਦਾ ਬੱਚਿਆਂ ਤੋਂ ਇਲਾਵਾ ਕਿਸੇ ਹੋਰ ਚੀਜ਼ (ਜਾਂ ਕੁਝ ਉਦਾਹਰਣਾਂ ਵਿਚ ਗੈਰ-ਮਨੁੱਖੀ ਸੰਤਾਨ) ਦੇ ਰੂਪ ਵਿਚ ਅਨੁਵਾਦ ਕਰ ਰਿਹਾ ਉਹ ਹੈ ਕੂਚ 21 ਦਾ ਬੰਦ। ਜਦੋਂ ਪੰਚਗ੍ਰੰਥ ਹੋਰ ਕਿਤੇ ਗਰਭਪਾਤ (ਗਰਭ ਵਿਚ ਬੱਚਾ ਡਿੱਗਣ) ਦਾ ਵਰਣਨ ਕਰਦਾ ਹੈ, *ਸਕਲ* ਸ਼ਬਦ ਵਰਤਿਆ ਗਿਆ ਹੈ (ਉਤਪਤ 31:38; ਕੂਚ 23:26)। ਇਸ ਤਰ੍ਹਾਂ, "ਔਰਤ ਦਾ ਬੱਚਾ ਡਿੱਗ ਜਾਂਦਾ ਹੈ" ਜਾਂ "ਜਨਮ ਲੈ ਲਿਆ" ਨੂੰ ਸ਼ਾਬਦਿਕ ਤੌਰ ਤੇ ਪੜ੍ਹਨਾ ਬਿਹਤਰ ਹੈ, ਇਸ ਲਈ ਇਸ ਦਾ ਵਿਸ਼ਾ ਇਹ ਹੈ ਕਿ ਅਣਜੰਮੇ ਬੱਚੇ ਦਾ ਸਮੇਂ ਤੋਂ ਪਹਿਲਾਂ ਬਾਹਰ ਆਉਣਾ, ਜਿਸ ਦਾ ਨਤੀਜਾ ਸੰਭਵ ਤੌਰ ਤੇ ਵੱਖ-ਵੱਖ ਸੱਟਾਂ ਹੁੰਦਾ ਹੈ ਜੋ ਕਿ ਗਰਭ ਦੀ ਉਮਰ ਤੇ ਅਤੇ ਸੱਟ ਦੇ ਪ੍ਰਭਾਵ ਤੇ ਨਿਰਭਰ ਕਰਦੀਆਂ ਹਨ।[8]

ਗਰਭਪਾਤ ਦੇ ਵਿਕਲਪਕ ਵਿਚਾਰ ਦਾ ਸਮਰਥਨ ਪ੍ਰਾਚੀਨ ਮਸੋਪੋਤਾਮੀਆ ਵਿੱਚੋਂ ਸਮਾਨਾਂਤਰ ਮੂਲ ਲਿਖਤਾਂ ਦੁਆਰਾ ਕੀਤਾ ਗਿਆ ਹੈ। ਉਨ੍ਹਾਂ ਸਾਰਿਆਂ ਮਾਮਲਿਆਂ ਵਿਚ, ਔਰਤ ਦਾ ਬੱਚਾ ਮਰ ਜਾਂਦਾ ਹੈ।[9]

ਕੋਈ ਹੋਰ ਕਸਰ ਨਾ ਪਵੇ ਧਾਰਾ ਤੇ ਵਿਚਾਰ ਕਰਨ ਦੀ ਵੀ ਲੋੜ ਹੈ। ਸਪੱਸ਼ਟ ਤੌਰ ਤੇ, ਇਸ ਵਿਚ ਸੱਟ ਸ਼ਾਮਲ ਹੈ; ਨਹੀਂ ਤਾਂ, ਨੁਕਸਾਨ ਦਾ ਭੁਗਤਾਨ ਕਰਨ ਦੀ ਕੀ ਲੋੜ ਪੈਣੀ ਸੀ। ਇਸ ਲਈ, ਬਹੁਤ ਸਾਰੇ ਅਨੁਵਾਦ ਆਇਤ 22 ਵਿਚ "ਕਸਰ" ਨਾਲ ਇਕ ਸੋਧਕ ਨੂੰ ਜੋੜਦੇ ਹਨ: "ਕੋਈ *ਗੰਭੀਰ* ਸੱਟ ਨਹੀਂ" (NIV), "ਕੋਈ *ਸਥਾਈ* ਨੁਕਸਾਨ ਨਹੀਂ" (NKJV), "ਕੋਈ *ਹੋਰ* ਨੁਕਸਾਨ ਨਹੀਂ" (NRSV) (ਜ਼ੋਰ ਦਿੱਤਾ ਗਿਆ ਹੈ)। ਸੰਦਰਭ ਦਾ ਸਪੱਸ਼ਟ ਰੂਪ ਵਿਚ ਅਰਥ ਇਹ ਹੈ ਕਿ ਜੇਕਰ ਅਣਜੰਮੇ ਬੱਚੇ ਦਾ ਗਰਭਪਾਤ ਹੋ ਜਾਂਦਾ ਹੈ ਜਾਂ ਉਸ ਦਾ ਸਮੇਂ ਤੋਂ ਪਹਿਲਾਂ ਜਨਮ ਹੋ ਜਾਂਦਾ ਹੈ, ਤਾਂ ਨੁਕਸਾਨ ਹੋ ਚੁੱਕਾ ਹੈ; ਸੱਟ ਲੱਗ ਚੁੱਕੀ ਹੈ। ਉਹ ਵਿਅਕਤੀ ਜਿਸ ਨੇ ਸੱਟ ਲਾਈ ਹੈ ਉਸ ਨੂੰ ਔਰਤ ਦੇ **ਪਤੀ** ਨੂੰ ਬਦਲਾ ਚੁਕਾਉਣ ਦੇ ਲਈ ਜੁਰਮਾਨਾ ਭਰਨਾ ਚਾਹੀਦਾ ਹੈ। ਜੁਰਮਾਨੇ ਦੀ ਰਕਮ ਪਤੀ ਦੀਆਂ ਮੰਗਾਂ ਅਤੇ ਅਦਾਲਤ ਦੇ ਫ਼ੈਸਲੇ ਨਾਲ ਤੈਅ ਕੀਤੀ ਜਾਵੇਗੀ। ਨਤੀਜੇ ਵਜੋਂ, ਮੂਲ ਲਿਖਤ ਦਾ ਅਰਥ ਇਹ ਹੈ ਕਿ ਇਸ ਬੰਦ ਦਾ ਜੋ ਅਰਥ ਹੈ ਉਹ ਇਹ ਹੈ ਕਿ "ਕੋਈ *ਹੋਰ* ਕਸਰ ਨਹੀਂ।"

ਜੇਕਰ "ਹੋਰ ਕਸਰ" ਹੁੰਦੀ ਹੈ - ਉਦਾਹਰਣ ਦੇ ਲਈ, ਜੇਕਰ ਔਰਤ ਨੂੰ ਕੋਈ ਗੰਭੀਰ ਸੱਟ ਲੱਗ ਜਾਂਦੀ ਹੈ - ਉਸ ਦੀ ਇਕ ਵਾਧੂ ਸਜ਼ਾ ਹੈ ਜਿਸ ਦਾ ਵਰਣਨ ਅਗਲੀਆਂ ਤਿੰਨ ਆਇਤਾਂ ਵਿਚ ਕੀਤਾ ਗਿਆ ਹੈ।

ਆਇਤਾਂ 23-25. ਜੇ ਕੋਈ ਕਸਰ ਹੋ ਜਾਵੇ ਬੱਚੇ ਦੇ ਸਮੇਂ ਤੋਂ ਪਹਿਲਾਂ ਜਨਮ ਲੈਣ ਦੇ ਸੰਬੰਧ ਵਿਚ ਹੈ ਜੋ ਕਿ ਮਨੁੱਖਾਂ ਦੇ ਹੱਥੋਂ ਪਾਈ ਹੋਣ ਦੇ ਕਾਰਣ ਹੋਇਆ ਸੀ, ਇਸਰਾਏਲੀਆਂ ਨੂੰ **ਜੀਵਨ ਦੇ ਵੱਟੇ ਜੀਵਨ, ਅੱਖ ਦੇ ਵੱਟੇ ਅੱਖ, ਦੰਦ ਦੇ ਵੱਟੇ ਦੰਦ, ਹੱਥ ਦੇ ਵੱਟੇ ਹੱਥ, ਪੈਰ ਦੇ ਵੱਟੇ ਪੈਰ, ਸਾੜਨ ਦੇ ਵੱਟੇ ਸਾੜਨ, ਫੱਟ ਦੇ ਵੱਟੇ ਫੱਟ, ਸੱਟ ਦੇ ਵੱਟੇ ਸੱਟ** ਦੀ ਸਜ਼ਾ ਠਹਿਰਾਉਣ ਦਾ ਹੁਕਮ ਦਿੱਤਾ ਗਿਆ ਸੀ।

"ਕੋਈ ਹੋਰ ਕਸਰ," ਛੋਟੀ ਸੱਟ ਤੋਂ ਇਲਾਵਾ ਜਿਸ ਕਾਰਣ ਬੱਚੇ ਦਾ ਸਮੇਂ ਤੋਂ ਪਹਿਲਾਂ ਜਨਮ ਹੋ ਜਾਂਦਾ ਸੀ ਉਸ ਦੇ ਲਈ ਵਾਧੂ ਸਜ਼ਾ ਦੀ ਲੋੜ ਹੁੰਦੀ ਹੈ। ਕਿੰਨੀ? ਇਹ ਆਇਤਾਂ ਇਹ ਸਿਧਾਂਤ ਸਥਾਪਤ ਕਰਦੀਆਂ ਹਨ ਕਿ ਜਿੰਨੀ ਜ਼ਿਆਦਾ ਵੱਡੀ ਸੱਟ ਹੈ ਸਜ਼ਾ ਉਸੇ ਅਨੁਸਾਰ ਦਿੱਤੀ ਜਾਣੀ ਚਾਹੀਦੀ ਹੈ। ਮੂਲ ਰੂਪ ਵਿਚ, ਇਹ ਬਿਧੀ ਇਹ ਸਿੱਖਿਆ ਦਿੰਦੀ ਹੈ ਕਿ ਸਜ਼ਾ ਸੱਟ ਦੇ ਅਨੁਸਾਰ ਹੀ ਦਿੱਤੀ ਜਾਣੀ ਚਾਹੀਦੀ ਹੈ।

"ਅੱਖ ਦੇ ਬਦਲੇ ਅੱਖ" ਬਿਧੀ ਨੂੰ ਤਕਨੀਕੀ ਰੂਪ ਵਿਚ *ਲੈਕਸ ਟਾਲੀਓਨਿਸ* ਦੇ ਤੌਰ ਤੇ ਜਾਣਿਆ ਜਾਂਦਾ ਹੈ ਜੋ ਕਿ ਇਕ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਹੈ "ਬਦਲੇ ਦੀ ਬਿਧੀ।" ਕੁਝ ਲੋਕ ਇਸ ਦਾ "ਜੈਸੀ ਕਰਨੀ ਵੈਸੀ ਭਰਨੀ" ਦੀ ਬਿਧੀ ਦੇ ਰੂਪ ਵਿਚ ਹਵਾਲਾ ਦਿੰਦੇ ਹਨ। ਇਹ ਪੰਚਗ੍ਰੰਥ ਵਿਚ ਦੋ ਵਾਰ ਹੋਰਨਾਂ ਸੰਦਰਭਾਂ ਵਿਚ ਮਿਲਦੀ ਹੈ। ਪਹਿਲੀ ਲੇਵੀਆਂ 24:19, 20 ਹੈ, ਸਰੀਰਕ ਤੌਰ ਤੇ ਬੱਜ ਲਾਉਣ ਦੀ ਸਜ਼ਾ ਸੰਬੰਧੀ ਇਕ ਸੰਦਰਭ। ਦੂਜਾ ਬਿਵਸਥਾ ਸਾਰ 19:21 ਹੈ, ਜਿਹੜਾ ਕਿ ਝੂਠੇ ਗਵਾਹ ਦੀ ਸਜ਼ਾ ਦਾ ਵਰਣਨ ਕਰਦਾ ਹੈ। ਇਹ ਬਿਧੀ ਪਾਰੰਪਰਿਕ ਫਾਰਮੂਲਾ ਹੈ ਜਿਸ ਦਾ ਅਰਥ ਹੈ "ਸਜ਼ਾ ਜੁਰਮ ਦੇ ਲਈ ਢੁਕਵੀਂ ਹੋਵੇਗੀ।"[10]

ਸ਼ਾਇਦ "ਅੱਖ ਦੇ ਬਦਲੇ ਅੱਖ" ਬਿਧੀ ਦੇ ਅਰਥ ਨੂੰ ਸ਼ਾਬਦਿਕ ਤੌਰ ਤੇ ਨਹੀਂ ਸੀ ਲਿਆ ਜਾਣਾ, ਉਸ ਬਿਧੀ ਨਾਲੋਂ ਵੱਧ ਕੇ ਜੋ ਕਹਿੰਦੀ ਸੀ ਕਿ ਪਰਮੇਸ਼ੁਰ ਦੀਆਂ ਬਿਧੀਆਂ "ਤੁਹਾਡੇ ਨੇਤ੍ਰਾਂ ਦੇ ਵਿਚਕਾਰ ਤਵੀਤ ਜਿਹੀਆਂ ਹੋਣ" (ਬਿਵਸਥਾ ਸਾਰ 6:8) ਦਾ ਉਦੇਸ਼ ਯਹੂਦੀਆਂ ਨੂੰ ਤਵੀਤ ਪਵਾਉਣਾ ਸੀ। ਅੱਖ ਦੇ ਬਦਲੇ ਅੱਖ ਕੱਢਣ ਅਤੇ ਹੱਥ ਦੇ ਬਦਲੇ ਹੱਥ ਵੱਢਣ ਦੀ ਸਜ਼ਾ ਦਾ ਬਾਈਬਲ ਵਿਚ ਸਬੂਤ ਬਹੁਤ ਹੀ ਘੱਟ ਹੈ; ਉਦਾਹਰਣਾਂ ਵਿਚ ਯੁੱਧ ਦੇ ਸਮਿਆਂ ਵਿਚ ਇਸਰਾਏਲੀ ਅਤੇ ਉਨ੍ਹਾਂ ਦੇ ਵੈਰੀ ਸ਼ਾਮਲ ਹਨ (ਨਿਆਈਆਂ 1:6, 7; 16:21; 2 ਰਾਜਿਆਂ 25:7)। ਬਿਵਸਥਾ ਵਿਚ

ਸਿਰਫ ਇਕ ਹੋਰ ਹਵਾਲਾ ਸਰੀਰ ਦੇ ਵੱਢਣ ਦੀ ਮੰਗ ਕਰਦਾ ਪ੍ਰਤੀਤ ਹੁੰਦਾ ਹੈ (ਬਿਵਸਥਾ ਸਾਰ 25:11, 12) ਅਤੇ ਇਹ ਅਸੰਭਵ ਹੈ ਕਿ ਇਹ ਸਜ਼ਾ ਜੋ ਨਿਰਧਾਰਤ ਕੀਤੀ ਗਈ ਸੀ ਕਦੇ ਕਿਸੇ ਨੂੰ ਦਿੱਤੀ ਵੀ ਗਈ ਸੀ ਜਾਂ ਨਹੀਂ।[11]

ਅਸਲ ਵਿਚ, ਕੂਚ 21 ਵਿਚ ਸੰਦਰਭ ਆਪਣੇ ਆਪ ਵਿਚ "ਅੱਖ ਦੇ ਬਦਲੇ ਅੱਖ" ਫਾਰਮੂਲੇ ਦੀ ਸ਼ਾਬਦਿਕ ਪ੍ਰਾਸੰਗਿਕਤਾ ਦੇ ਵਿਰੁੱਧ ਦਲੀਲ ਦਿੰਦਾ ਹੈ। ਇਹ ਫਾਰਮੂਲਾ ਜੀਵਨ ਦੇ ਬਦਲੇ ਜੀਵਨ ਦੀ ਮੰਗ ਕਰਦਾ ਹੈ। ਕੀ ਹੋਵੇਗਾ ਜੇਕਰ ਬੱਚਾ ਜਨਮ ਲੈਣ ਤੋਂ ਪਹਿਲਾਂ ਹੀ ਗਰਭ ਵਿਚ ਮਰ ਜਾਂਦਾ ਹੈ? ਕੀ ਉਹ ਵਿਅਕਤੀ ਜਿਹੜਾ ਉਸ ਬੱਚੇ ਦੀ ਮੌਤ ਦਾ ਕਾਰਣ ਬਣਿਆ ਹੈ ਉਸ ਨੂੰ ਮਾਰ ਦੇਣਾ ਚਾਹੀਦਾ ਹੈ? ਕੂਚ ਵਿਚ ਸੰਦਰਭ, ਮਨੁੱਖੀ ਹੱਤਿਆ ਨਾਲ ਨਹੀਂ, ਪਰ ਹੋਰ ਅਪਰਾਧਾਂ ਨਾਲ ਜਿਨ੍ਹਾਂ ਵਿਚ ਮੌਤ ਸ਼ਾਮਲ ਹੈ, ਸੰਬੰਧਤ ਹੈ। ਬਿਵਸਥਾ ਦੇ ਇਸ ਭਾਗ ਵਿਚ ਕਾਇਮ ਕੀਤਾ ਗਿਆ ਸਿਧਾਂਤ ਇਹ ਹੈ ਕਿ ਪਹਿਲੀ ਸ਼ਰੇਣੀ ਦਾ ਕਤਲ ਮੌਤ ਦੀ ਸਜ਼ਾ ਦਾ ਅਪਰਾਧ ਹੈ ਅਤੇ ਹੋਰ ਕਿਸਮ ਦਾ ਮਾਰਨਾ ਮੌਤ ਦੀ ਸਜ਼ਾ ਦਾ ਅਪਰਾਧ ਨਹੀਂ ਹੈ। ਦੋ ਮਨੁੱਖਾਂ ਦੇ ਹੱਥੋਂ ਪਾਈ ਹੋਣ ਦੇ ਕਾਰਣ ਇਕ ਬੱਚੇ ਦੀ ਮੌਤ ਅਤੇ ਅਚਾਣਕ ਬੱਚੇ ਦੀ ਮਾਂ ਨੂੰ ਸੱਟ ਲਾਉਣਾ ਮਨੁੱਖੀ ਹੱਤਿਆ ਦੇ ਯੋਗ ਅਪਰਾਧ ਨਹੀਂ ਠਹਿਰਦਾ; ਇਸ ਕਿਸਮ ਦੀ ਮੌਤ ਇਕ ਇਤਫਾਕ ਹੈ, ਨਾ ਕਿ ਪਹਿਲਾਂ ਤੋਂ ਕੋਈ ਸੋਚੀ ਸਮਝੀ ਸਾਜਿਸ਼।

ਇਸ ਲਈ, ਉਸ ਵਿਅਕਤੀ ਕੋਲੋਂ ਜਿਹੜਾ ਬੱਚੇ ਦੀ ਮੌਤ ਦਾ ਜ਼ਿੰਮੇਵਾਰ ਹੈ ਬੱਚੇ ਦੀ ਮੌਤ ਦਾ ਬਦਲਾ ਲੈਣਾ ਅਣਉਚਿਤ ਹੋਵੇਗਾ। ਤਾਂ ਫਿਰ, ਇਸ ਬੰਦ ਵਿਚ "ਜੀਵਨ ਦੇ ਵੱਟੇ ਜੀਵਨ" ਦਾ ਅਰਥ ਕੀ ਹੈ? ਇਸ ਦਾ ਅਰਥ ਇਹ ਹੋਵੇਗਾ ਕਿ ਬੱਚੇ ਦੀ ਮੌਤ ਦੇ ਲਈ ਸੱਟ ਲੱਗਣ ਵਾਲੇ ਦਲ ਨੂੰ ਜ਼ਿਆਦਾ ਤੋਂ ਜ਼ਿਆਦਾ ਜੁਰਮਾਨਾ ਭਰਨਾ ਪਵੇਗਾ। ਦਰਅਸਲ, ਗਿਣਤੀ 35:31 ਇਹ ਕਹਿੰਦੀ ਪ੍ਰਤੀਤ ਹੁੰਦੀ ਹੈ ਕਿ ਸਿਰਫ ਇੱਕੋ ਕਿਸਮ ਦੇ ਮਾਰਨ ਦੇ ਲਈ ਨਿਸਤਾਰੇ ਦਾ ਮੁੱਲ ਅਦਾ ਕੀਤਾ ਜਾ ਸਕਦਾ ਸੀ ਅਤੇ ਉਹ ਸੀ ਕਤਲ ਦਾ।[12]

ਇਸ ਲਈ, "ਅੱਖ ਦੇ ਵੱਟੇ ਅੱਖ" ਬਿਧੀ ਨੂੰ ਸ਼ਾਬਦਿਕ ਤੌਰ ਤੇ ਨਹੀਂ ਸੀ ਲਿਆ ਜਾਣਾ: ਜੇਕਰ ਕੋਈ ਕਿਸੇ ਦੀ ਅੱਖ ਕੱਢ ਦਿੰਦਾ ਸੀ, ਤਾਂ ਉਸ ਨੂੰ ਆਪਣੀ ਅੱਖ ਕੱਢਣ ਦੀ ਲੋੜ ਨਹੀਂ ਸੀ ਹੁੰਦੀ। ਇਸ ਤੋਂ ਇਲਾਵਾ, ਇਸ ਬਿਧੀ ਨੂੰ ਨਿੱਜੀ ਬਦਲੇ ਨੂੰ ਸਹੀ ਠਹਿਰਾਉਣ ਦੇ ਉਦੇਸ਼ ਲਈ ਨਹੀਂ ਸੀ ਵਰਤਿਆ ਜਾਣਾ। ਇਹ ਉਨ੍ਹਾਂ ਵਿਅਕਤੀਆਂ ਨੂੰ ਜਿਨ੍ਹਾਂ ਨਾਲ ਕੁਝ ਗਲਤ ਹੋਇਆ ਸੀ ਇਹ ਕਹਿਣ ਦੁਆਰਾ ਕਿ "ਅੱਖ ਦੇ ਵੱਟੇ ਅੱਖ" ਜਵਾਬ ਦੇਣ ਅਤੇ ਫਿਰ ਜਿਨ੍ਹਾਂ ਨੇ ਉਨ੍ਹਾਂ ਨਾਲ ਗਲਤ ਕੀਤਾ ਹੈ ਉਨ੍ਹਾਂ ਦੇ ਵਿਰੁੱਧ ਬਦਲਾ ਲੈਣ ਦਾ ਅਧਿਕਾਰ ਨਹੀਂ ਦਿੰਦੀ।[13] ਪੁਰਾਣੇ ਨੇਮ ਵਿਚ, ਜਿਵੇਂ ਕਿ ਨਵੇਂ ਨੇਮ ਵਿਚ ਹੈ, ਬਾਈਬਲ ਸਿੱਖਿਆ ਦਿੰਦੀ ਹੈ ਕਿ ਬਦਲਾ ਲੈਣਾ ਪਰਮੇਸ਼ੁਰ ਦਾ ਕੰਮ ਹੈ (ਬਿਵਸਥਾ ਸਾਰ 32:35; 1 ਸਮੂਏਲ 25:32-35; ਜ਼ਬੂਰ 94:1; ਕਹਾਉਤਾਂ 24:29; ਰੋਮੀਆਂ 12:19)। ਇਸ ਤੋਂ ਇਲਾਵਾ, ਬਿਵਸਥਾ ਵਿਚ ਇਸਰਾਏਲੀਆਂ ਨੂੰ ਬਦਲਾ ਲੈਣ ਦੀ ਮਨਾਹੀ ਸੀ (ਲੇਵੀਆਂ 19:18) ਅਤੇ ਇਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਵੈਰੀਆਂ ਦਾ ਭਲਾ ਕਰਨ ਦੀ ਸਿੱਖਿਆ ਦਿੱਤੀ ਸੀ (23:4, 5; ਵੇਖੋ ਕਹਾਉਤਾਂ 25:21, 22)।

ਪੁਰਾਣਾ ਨੇਮ "ਖ਼ੂਨ ਦਾ ਬਦਲਾ ਲੈਣ ਵਾਲੇ" (ਗਿਣਤੀ 35:12-29) - ਮ੍ਰਿਤਕ ਵਿਅਕਤੀ ਦੇ ਸਭ ਤੋਂ ਨੇੜੇ ਦੇ ਰਿਸ਼ਤੇਦਾਰ - ਨੂੰ ਉਸ ਕੋਲੋਂ ਬਦਲਾ ਲੈਣ ਦਾ ਅਧਿਕਾਰ ਦਿੰਦਾ ਹੈ ਜਿਸ ਨੇ ਉਸ ਦੇ ਰਿਸ਼ਤੇਦਾਰ ਨੂੰ ਮਾਰਿਆ ਹੈ। ਪਰ, ਇਸ ਨੇ ਉਸ ਨੂੰ ਪਨਾਹ ਦੇ ਨਗਰ ਵੀ ਪ੍ਰਦਾਨ ਕੀਤੇ ਸਨ ਜਿਨ੍ਹਾਂ ਵਿਚ ਉਹ ਵਿਅਕਤੀ ਭੱਜ ਕੇ ਜਾ ਸਕਦਾ ਸੀ ਜਿਸ ਦਾ ਖ਼ੂਨ ਦਾ ਬਦਲਾ ਲੈਣ ਵਾਲੇ ਦੁਆਰਾ ਪਿੱਛਾ ਕੀਤਾ ਜਾ ਰਿਹਾ ਸੀ। ਉੱਥੇ ਦੋਸ਼ੀ ਮਨੁੱਖ ਤੇ ਮੁਕੱਦਮਾ ਚੱਲਦਾ ਸੀ। ਜੇਕਰ ਉਹ ਨਿਰਦੋਸ਼ ਹੁੰਦਾ ਸੀ, ਤਾਂ ਉਸ ਨੂੰ ਨਗਰ ਵਿਚ ਪਨਾਹ ਮਿਲ ਜਾਂਦੀ ਸੀ। ਜੇਕਰ ਉਹ ਕਤਲ ਦਾ ਦੋਸ਼ੀ ਹੁੰਦਾ

ਸੀ, ਉਸ ਨੂੰ ਖੂਨ ਦਾ ਬਦਲਾ ਲੈਣ ਵਾਲੇ ਦੁਆਰਾ ਮਾਰ ਦਿੱਤਾ ਜਾਂਦਾ ਸੀ, ਜਿਹੜਾ ਕਾਤਲ ਨੂੰ ਸਜ਼ਾ ਦੇਣ ਦੇ *ਅਦਾਲਤ* (ਅਤੇ ਸਮਾਜ) ਦੇ *ਇਕ ਵਸੀਲੇ* ਦੇ ਰੂਪ ਵਿਚ ਕੰਮ ਕਰਦਾ ਸੀ। ਸਾਰੀ ਪ੍ਰਕਿਰਿਆ ਬਿਵਸਥਾ ਨਾਲ ਚੱਲਦੀ ਸੀ; *ਇਹ ਕਾਤਲ ਦਾ ਨਿਆਂ ਕਰਨ ਦਾ ਇਕ ਕਾਨੂੰਨੀ ਤਰੀਕਾ ਸੀ।* ਉਹ ਲੋਕ ਜਿਨ੍ਹਾਂ ਕੋਲ ਨਾ ਤਾਂ ਫੌਜ ਨਾ ਹੀ ਪੁਲਿਸ ਸੀ, ਇਹ ਪ੍ਰਕਿਰਿਆ ਇਕ ਕਾਨੂੰਨੀ ਬਿਵਸਥਾ ਜਿੰਨੀ ਹੀ ਚੰਗੀ ਸੀ। ਅਜਿਹੀ ਬਿਵਸਥਾ ਵਿਚ ਇਕ ਵਿਅਕਤੀ ਦੇ ਬਿਵਸਥਾ ਨੂੰ ਉਸ ਦੇ ਆਪਣੇ ਹੱਥਾਂ ਵਿਚ ਲੈਣਾ ਅਤੇ ਨਿੱਜੀ ਬਦਲਾ ਲੈਣਾ ਸ਼ਾਮਲ ਨਹੀਂ ਸੀ।

ਉਹ ਜਿਹੜੇ ਨਵੇਂ ਨੇਮ ਨੂੰ ਜਾਣਦੇ ਹਨ, ਇਹ ਵਿਚਾਰ ਕਿ ਸ਼ਰਾ ਨਿੱਜੀ ਬਦਲੇ ਦੀ ਇਜਾਜ਼ਤ ਨਹੀਂ ਦਿੰਦੀ ਕਈਆਂ ਨੂੰ ਉਲਝਣ ਵਿਚ ਪਾ ਸਕਦਾ ਹੈ ਕਿਉਂਕਿ ਉਹ ਯਿਸੂ ਦੀਆਂ ਗੱਲਾਂ ਨੂੰ ਚੇਤੇ ਕਰਦੇ ਹਨ: "ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਕਿ 'ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ।' ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਦੁਸ਼ਟ ਦਾ ਸਾਹਮਣਾ ਨਾ ਕਰਨਾ ਸਗੋਂ ਜੋ ਕੋਈ ਤੇਰੀ ਸੱਜੀ ਗੱਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੀ ਵੱਲ ਭੁਆ ਦਿਹ" (ਮੱਤੀ 5:38, 39)। ਉਨ੍ਹਾਂ ਨੇ ਫਿਰ ਕਲਪਨਾ ਕੀਤੀ ਸੀ ਕਿ ਯਿਸੂ ਆਪਣੀਆਂ ਸਿੱਖਿਆਵਾਂ ਦੀ ਤੁਲਨਾ ਪੁਰਾਣੇ ਨੇਮ ਦੀਆਂ ਸਿੱਖਿਆਵਾਂ ਨਾਲ ਕਰ ਰਿਹਾ ਸੀ। ਪਰ, ਯਿਸੂ ਉਸ ਵਿਰੁੱਧ ਨਹੀਂ ਸੀ ਬੋਲ ਰਿਹਾ ਜੋ ਪੁਰਾਣਾ ਨੇਮ ਅਸਲ ਵਿਚ ਸਿੱਖਿਆ ਦਿੰਦਾ ਸੀ ਪਰ ਉਸ ਸਿੱਖਿਆ ਦੀ ਪ੍ਰਸਿੱਧ ਗਤਲਫਹਿਮੀ ਦੇ ਵਿਰੁੱਧ ਬੋਲ ਰਿਹਾ ਸੀ। ਸਪੱਸ਼ਟ ਰੂਪ ਵਿਚ, ਯਿਸੂ ਦੇ ਸਮੇਂ ਵਿਚ, ਕਈਆਂ ਨੇ ਸੋਚਿਆ ਸੀ ਕਿ "ਅੱਖ ਦੇ ਬਦਲੇ ਅੱਖ" ਬਿਧੀ ਨਿੱਜੀ ਬਦਲੇ ਨਾਲ ਸਹੀ ਠਹਿਰਾਈ ਗਈ ਸੀ, ਪਰ ਇਸ ਤਰ੍ਹਾਂ ਨਹੀਂ ਸੀ।

ਜਦੋਂ ਮਾਲਕ ਆਪਣੇ ਗੋੱਲੇ ਦਾ ਚਿਹਰਾ ਵਿਗਾੜ ਦੇਵੇ (21:26, 27)

26 ਜਦ ਕੋਈ ਮਨੁੱਖ ਆਪਣੇ ਗੋੱਲੇ ਦੀ ਅੱਖ ਯਾ ਆਪਣੀ ਗੋੱਲੀ ਦੀ ਅੱਖ ਉੱਤੇ ਅਜੇਹਾ ਮਾਰੇ ਕਿ ਉਹ ਮਾਰੀ ਜਾਵੇ ਤਾਂ ਉਹ ਉਸ ਦੀ ਅੱਖ ਦੇ ਵੱਟੇ ਉਹ ਨੂੰ ਅਜ਼ਾਦ ਕਰ ਕੇ ਜਾਣ ਦੇਵੇ। 27 ਜੇ ਉਹ ਆਪਣੇ ਗੋੱਲੇ ਦੇ ਦੰਦ ਯਾ ਆਪਣੀ ਗੋੱਲੀ ਦੇ ਦੰਦ ਭੰਨ ਸੁੱਟੇ ਤਾਂ ਉਹ ਉਸ ਨੂੰ ਦੰਦ ਦੇ ਵੱਟੇ ਵਿੱਚ ਅਜ਼ਾਦ ਕਰ ਕੇ ਜਾਣ ਦੇਵੇ।

ਆਇਤਾਂ 26, 27. "ਮਾਰਨ" ਦੇ ਸੰਬੰਧੀ ਚੌਥੇ ਮਾਮਲੇ ਵਿਚ, ਗੋੱਲੇ ਦੀ **ਅੱਖ** ਨੂੰ ਨਾਸ ਕਰਨ ਜਾਂ **ਉਸ ਦੇ ਦੰਦ** ਨੂੰ ਭੰਨਣ ਦੇ ਲਈ ਸਜ਼ਾ ਨਿਰਧਾਰਤ ਕੀਤੀ ਗਈ ਸੀ। ਜੇਕਰ ਮਾਲਕ ਦੋਹਾਂ ਵਿੱਚੋਂ ਕੁਝ ਵੀ ਕਰਦਾ ਸੀ, ਉਸ ਦੀ ਸਜ਼ਾ ਇਹ ਸੀ ਕਿ ਗੋੱਲੇ ਨੂੰ **ਅਜ਼ਾਦ** ਕੀਤਾ ਜਾਵੇ। ਇਸ ਬਿਧੀ ਅਤੇ 20 ਅਤੇ 21 ਆਇਤਾਂ ਵਿਚ ਬਿਧੀ ਵਿਚਕਾਰ ਸਪੱਸ਼ਟ ਫ਼ਰਕ ਇਹ ਹੈ ਕਿ ਇਸ ਮਾਮਲੇ ਵਿਚ, ਉਹ ਗੋੱਲਾ ਜਿਸ ਨੂੰ ਮਾਰਿਆ ਗਿਆ ਸੀ ਮਰਦਾ ਨਹੀਂ ਪਰ ਉਸ ਦਾ ਰੂਪ ਵਿਗੜ ਜਾਂਦਾ ਹੈ।

ਨੇਮ ਦੀ ਪੋਥੀ ਵਿਚ ਇਸ ਸਮੇਂ ਇਸ ਬਿਧੀ ਨੂੰ ਸ਼ਾਇਦ ਇਹ ਦੱਸਣ ਦੇ ਲਈ ਸ਼ਾਮਲ ਕੀਤਾ ਗਿਆ ਹੈ ਕਿ "ਅੱਖ ਦੇ ਬਦਲੇ ਅੱਖ" ਦਾ ਸਧਾਰਣ ਨਿਯਮ ਕਿਵੇਂ ਇਕ ਗੋੱਲੇ ਤੇ ਲਾਗੂ ਹੋਵੇਗਾ। "ਅੱਖ ਦੇ ਬਦਲੇ ਅੱਖ" ਵਾਕ (21:24) ਮੰਨਦਾ ਹੈ ਕਿ ਦੋਸ਼ੀ ਵਿਅਕਤੀ ਅਜ਼ਾਦ ਮਨੁੱਖ ਹੈ। ਗੋੱਲੇ ਦਾ ਮਾਲਕ ਇਹ ਦਲੀਲ ਦੇ ਸਕਦਾ ਹੈ, "ਜੇਕਰ ਮੈਂ ਆਪਣੇ ਗੋੱਲੇ ਦੀ ਅੱਖ ਕੱਢ ਦਿੱਤੀ ਹੈ, ਮੈਂ ਸਿਰਫ ਆਪਣੇ ਮਾਲ ਨੂੰ ਨੁਕਸਾਨ ਪਹੁੰਚਾਇਆ ਹੈ। ਗੋੱਲੇ ਦੀ ਅੱਖ ਉਸ ਦੀ ਆਪਣੀ ਨਹੀਂ ਹੈ - ਮੇਰੀ ਅੱਖ ਆਪਣੀ ਹੈ, ਇਸ ਲਈ ਮੈਂ ਉਸ ਦਾ ਜੋ ਨੁਕਸਾਨ ਕੀਤਾ ਹੈ ਉਸ ਦੇ ਲਈ ਮੈਨੂੰ ਉਸ ਨੂੰ ਕੋਈ ਮੁਆਵਜਾ ਦੇਣ ਦੀ ਲੋੜ ਨਹੀਂ ਹੈ।" ਇਹ ਬਿਧੀ ਅਜਿਹੇ ਵਿਚਾਰ ਦਾ ਖੰਡਨ ਕਰਦੀ ਹੈ, ਇਹ ਦੱਸਦੇ ਹੋਏ ਕਿ ਮਾਲਕ ਜਿਸ ਨੇ ਆਪਣੇ ਗੋੱਲੇ ਦਾ ਰੂਪ ਵਿਗਾੜਿਆ ਹੈ ਉਸ ਸੱਟ ਦੇ ਲਈ ਆਪਣੇ ਗੋੱਲੇ ਨੂੰ ਮੁਆਵਜਾ ਦੇਣ ਲਈ ਦੇਣਦਾਰ ਹੈ। ਅਸਲ ਵਿਚ, ਇਹ ਮੁਆਵਜਾ ਗੋੱਲੇ ਦੇ ਮੁੱਲ ਦੇ ਬਰਾਬਰ ਹੋਵੇਗਾ ਜੋ ਕਿ ਤੀਹ ਰੁਪਈਏ ਚਾਂਦੀ ਦੇ ਸੀ (21:32)। ਇਸ ਮੁਆਵਜੇ ਦੀ "ਰਕਮ"

ਗੋੱਲੇ ਜਾਂ ਗੋੱਲੀ ਨੂੰ ਉਸ ਦੀ ਅਜ਼ਾਦੀ ਦੇਵੇਗੀ। ਇਕ ਵਾਰ ਫੇਰ, ਇਹ ਬਿਧੀ ਇਸ ਗੱਲ ਦਾ ਉਦਾਹਰਣ ਦਿੰਦੀ ਹੈ ਕਿ ਗੁਲਾਮੀ ਵਿਅਕਤੀਪਣ ਜਾਂ ਇਕ ਗੋੱਲੇ ਦੇ ਮੁੱਲ ਨੂੰ ਨਹੀਂ ਸੀ ਨਕਾਰਦੀ।

ਬਲਦ ਸੰਬੰਧੀ ਬਿਧੀਆਂ (21:28-36)

21:28-36 ਵਿਚ ਬਿਧੀਆਂ ਵਿਚ ਇਹ ਸਮਾਨਤਾ ਹੈ: ਹਰ ਬਿਧੀ "ਬਲਦ" (שׁוֹר, *ਸ਼ੋਰ)* ਜਾਂ "ਵਹਿੜਕੇ" (NIV) ਦਾ ਜ਼ਿਕਰ ਕਰਦੀ ਹੈ। ਬਲਦ ਸਭ ਤੋਂ ਵੱਡਾ, ਸਭ ਤੋਂ ਮਹਿੰਗਾ ਅਤੇ ਸਭ ਤੋਂ ਖ਼ਤਰਨਾਕ ਘਰੇਲੂ ਜਾਨਵਰ ਸੀ। ਬਲਦ ਸੰਬੰਧੀ ਬਿਧੀਆਂ ਨੂੰ ਬੇਸ਼ੱਕ ਕਿਸੇ ਵੀ ਕਿਸਮ ਦੇ ਜਾਨਵਰ ਸੰਬੰਧੀ ਨਿਆਂ ਦੇ ਲਈ ਇਕ ਨਮੂਨੇ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ। ਦੋ ਮੂਲ ਸਥਿਤੀਆਂ ਦੀ ਕਲਪਨਾ ਕੀਤੀ ਜਾਂਦੀ ਹੈ। ਪਹਿਲੀ ਵਿਚ ਬਲਦ ਦੁਆਰਾ ਕਿਸੇ ਨੂੰ ਸੱਟ ਲਾਉਣਾ ਸ਼ਾਮਲ ਹੈ ਅਤੇ ਦੂਜੀ ਵਿਚ ਖੁਦ ਬਲਦ ਦੇ ਸੱਟ ਲੱਗਣ ਤੇ ਲਾਗੂ ਹੁੰਦੀ ਹੈ।

ਜਦੋਂ ਬਲਦ ਕਿਸੇ ਵਿਅਕਤੀ ਨੂੰ ਸੱਟ ਲਾ ਦੇਵੇ (21:28-32)

[28]ਜਦ ਕੋਈ ਬਲਦ ਕਿਸੇ ਮਨੁੱਖ ਨੂੰ ਯਾ ਕਿਸੇ ਤੀਵੀਂ ਨੂੰ ਅਜੇਹਾ ਮਾਰੇ ਕਿ ਉਹ ਮਰ ਜਾਵੇ ਤਾਂ ਉਸ ਬਲਦ ਨੂੰ ਜਰੂਰ ਵੱਟੇ ਮਾਰੇ ਜਾਣ ਅਤੇ ਉਸ ਦਾ ਮਾਸ ਖਾਧਾ ਨਾ ਜਾਵੇ ਪਰ ਉਸ ਬਲਦ ਦਾ ਮਾਲਕ ਬੇਦੋਸ਼ਾ ਠਹਿਰੇ। [29]ਜੇ ਉਹ ਬਲਦ ਪਿੱਛੇ ਵੀ ਮਾਰ ਖੰਡ ਹੁੰਦਾ ਸੀ ਅਤੇ ਉਸ ਦੇ ਮਾਲਕ ਨੂੰ ਏਹ ਦੱਸਿਆ ਗਿਆ ਸੀ ਪਰ ਉਸ ਨੇ ਉਹ ਨੂੰ ਨਾ ਸਾਂਭਿਆ ਅਰ ਉਸ ਨੇ ਕਿਸੇ ਮਨੁੱਖ ਯਾ ਤੀਵੀਂ ਨੂੰ ਮਾਰ ਦਿੱਤਾ ਹੋਵੇ ਤਾਂ ਉਸ ਬਲਦ ਨੂੰ ਵੱਟਿਆਂ ਨਾਲ ਮਾਰਿਆ ਜਾਵੇ ਅਰ ਉਸ ਦਾ ਮਾਲਕ ਭੀ ਮਾਰਿਆ ਜਾਵੇ। [30]ਜਦ ਨਿਸਤਾਰੇ ਦਾ ਮੁੱਲ ਉਸ ਉੱਤੇ ਠਹਿਰਾਇਆ ਜਾਵੇ ਤਾਂ ਆਪਣੀ ਜਿੰਦ ਛੁਡਾਉਣ ਲਈ ਜੋ ਕੁਝ ਉਸ ਉੱਤੇ ਠਹਿਰਾਇਆ ਜਾਵੇ ਉਹੀ ਦੇਵੇ। [31]ਜੇ ਉਸ ਨੇ ਪੁੱਤ੍ਰ ਨੂੰ ਸਿੰਗ ਮਾਰਿਆ ਹੋਵੇ ਯਾ ਧੀ ਨੂੰ ਸਿੰਗ ਮਾਰਿਆ ਹੋਵੇ ਤਾਂ ਉਸੇ ਨਿਆਉਂ ਦੇ ਅਨੁਸਾਰ ਉਸ ਨਾਲ ਕੀਤਾ ਜਾਵੇ। [32]ਜੇ ਉਹ ਬਲਦ ਗੋੱਲੇ ਨੂੰ ਯਾ ਗੋੱਲੀ ਨੂੰ ਸਿੰਗ ਮਾਰੇ ਤਾਂ ਤੀਹ ਰੁਪਈਏ ਚਾਂਦੀ ਦੇ ਉਸ ਦੇ ਸਵਾਮੀ ਨੂੰ ਦਿੱਤੇ ਜਾਣ ਅਰ ਉਹ ਬਲਦ ਵੱਟਿਆਂ ਨਾਲ ਮਾਰਿਆ ਜਾਵੇ।

ਆਇਤ 28. ਜਿਵੇਂ ਕਿ ਬਿਧੀਆਂ ਦੇ ਪਿਛਲੇ ਭਾਗਾਂ ਵਿਚ ਸੀ, ਇਹ ਆਇਤ ਇਕ ਸਧਾਰਣ ਬਿਧੀ ਬਾਰੇ ਦੱਸਦੀ ਹੈ ਅਤੇ ਅਗਲੀਆਂ ਆਇਤਾਂ ਇਸ ਬਿਧੀ ਨੂੰ ਖਾਸ ਮਾਮਲਿਆਂ ਤੇ ਲਾਗੂ ਕਰਦੀਆਂ ਹਨ। ਇੱਥੇ ਸਧਾਰਣ ਨਿਯਮ ਇਹ ਹੈ ਕਿ **ਮਾਲਕ** ਨੂੰ ਉਸ ਦੇ ਖੇਤ ਦੇ ਜਾਨਵਰਾਂ ਦੇ ਵਿਹਾਰ ਦੇ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਂਦਾ। ਮਨੁੱਖ ਕੁਝ ਗੱਲਾਂ ਨੂੰ ਆਪਣੇ ਕਾਬੂ ਵਿਚ ਕਰ ਸਕਦਾ ਹੈ, ਪਰ ਉਹ ਉਸ ਦੇ ਲਈ ਜ਼ਿੰਮੇਵਾਰ ਨਹੀਂ ਹੈ ਜੋ ਉਸ ਦੇ ਵੱਸੋਂ ਬਾਹਰ ਹੈ। ਪਰ, ਉਹ **ਬਲਦ** ਜਿਸ ਨੇ ਇਕ ਮਨੁੱਖ ਨੂੰ ਮਾਰਿਆ ਹੈ ਉਸ ਨੂੰ ਵੱਟੇ ਮਾਰ ਕੇ ਮਾਰਿਆ ਜਾਣਾ ਸੀ, ਉਹ ਸਜ਼ਾ ਜੋ ਆਮ ਤੌਰ ਤੇ ਉਨ੍ਹਾਂ ਮਨੁੱਖਾਂ ਦੇ ਲਈ ਰੱਖੀ ਗਈ ਸੀ ਜਿਹੜੇ ਮੌਤ ਦੀ ਸਜ਼ਾ ਦੇ ਦੋਸ਼ੀ ਸਨ। ਆਰ. ਐਲਨ ਕੋਲ ਨੇ ਲਿਖਿਆ ਸੀ ਕਿ ਬਲਦ "ਆਦਮੀ ਦੇ ਵਾਂਗ" ਪਥਰਾਓ ਕੀਤਾ ਜਾਣਾ ਚਾਹੀਦਾ ਹੈ, "ਕਿਉਂਕਿ ਬਲਦ ਨੇ ਉਹ ਕੀਤਾ ਹੈ ਜਿਸ ਦੇ ਲਈ ਉਹ ਖ਼ੂਨ ਦਾ ਦੋਸ਼ੀ ਹੈ (ਉਤਪਤ 9:5)।"[14] ਕੁਝ ਇਸ ਨੂੰ ਬਲਦ ਦੇ ਲਈ ਅਣਉਚਿਤ ਸਮਝ ਸਕਦੇ ਹਨ, ਕਿਉਂਕਿ ਸਿੰਗ ਮਾਰਨਾ ਜਾਨਵਰ ਦਾ ਸੁਭਾਅ ਹੈ। ਫਿਰ ਵੀ, ਪੁਰਾਣੇ ਨੇਮ ਵਿਚ ਮਨੁੱਖੀ ਜੀਵਨ ਤੇ ਦਿੱਤੀ ਗਈ ਉੱਚ ਪ੍ਰਾਥਮਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ, ਕੋਈ ਵੀ ਚੀਜ਼ ਜਿਸ ਨੇ ਮਨੁੱਖ ਦੀ ਜਾਨ ਲਈ ਹੈ ਉਸ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ - ਸਗੋਂ ਅਣਜਾਣ ਜਾਨਵਰ ਨੂੰ ਵੀ। ਇਸ ਤੋਂ ਇਲਾਵਾ, ਇਹ ਤੱਥ ਕਿ ਬਲਦ, ਅਸਲ ਵਿਚ, "ਕਾਤਲ" ਹੈ ਇਸ ਦੇ ਮਾਸ ਨੂੰ ਖਾਣ ਦੇ ਲਈ ਅਯੋਗ ਬਣਾ ਦਿੰਦਾ ਹੈ।

ਆਇਤ 29. ਇਕ ਹੋਰ ਦ੍ਰਿਸ਼ ਸੰਭਵ ਹੈ, ਜਿਸ ਦੇ ਲਈ ਇਕ ਵੱਖਰੀ ਸਜ਼ਾ ਦੀ ਲੋੜ ਹੁੰਦੀ

ਹੈ। ਜੇਕਰ **ਮਾਲਕ** ਨੂੰ ਪਤਾ ਸੀ ਕਿ **ਬਲਦ** ਖ਼ਤਰਨਾਕ ਸੀ - ਜੇਕਰ ਉਸ ਨੂੰ **ਦੱਸਿਆ ਗਿਆ ਸੀ** ਪਰ ਉਸ ਨੇ ਖ਼ਤਰਨਾਕ ਜਾਨਵਰ ਨੂੰ ਸਾਂਭਣ ਦੇ ਲਈ ਕੋਈ ਕਦਮ ਨਹੀਂ ਸੀ ਉਠਾਏ[15] - ਤਾਂ ਫਿਰ ਬਲਦ ਨੇ ਜੋ ਕੀਤਾ ਸੀ ਉਸ ਦੇ ਲਈ ਉਸ ਦਾ ਮਾਲਕ ਜ਼ਿੰਮੇਵਾਰ ਸੀ। **ਬਲਦ** ਨੂੰ ਹਾਲੇ ਵੀ **ਵੱਟਿਆਂ ਨਾਲ ਮਾਰਿਆ** ਜਾਣਾ ਸੀ, ਪਰ ਇਸ ਮਾਮਲੇ ਵਿਚ ਬਲਦ ਦੇ ਲਾਪਰਵਾਹ **ਮਾਲਕ** ਨੂੰ ਵੀ ਉਸੇ ਤਰ੍ਹਾਂ **ਮਾਰਿਆ ਜਾਣਾ** ਸੀ। ਅਸਲ ਵਿਚ, ਉਹ ਕਤਲ ਦਾ ਦੋਸ਼ੀ ਹੋਵੇਗਾ ਅਤੇ ਬਲਦ ਉਸ ਹਥਿਆਰ ਦੇ ਬਰਾਬਰ ਹੋਵੇਗਾ ਜੋ ਕਿਸੇ ਦੀ ਜਾਨ ਲੈਣ ਦੇ ਲਈ ਵਰਤਿਆ ਗਿਆ ਸੀ।[16]

ਆਇਤਾਂ 30, 31. ਇਹ ਆਇਤਾਂ ਇਹ ਖੁਲਾਸਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਸਿੰਗ ਮਾਰਨ ਵਾਲੇ ਬਲਦ ਨੂੰ ਖੁੱਲ੍ਹਾਂ ਛੱਡਣਾ ਕਤਲ ਦੇ ਬਰਾਬਰ ਨਹੀਂ ਹੈ। ਕਤਲ ਦੇ ਮਾਮਲੇ ਵਿਚ ਕੋਈ ਨਿਸਤਾਰੇ ਦਾ ਮੁੱਲ ਨਹੀਂ ਸੀ (21:12), ਪਰ ਉਹ ਵਿਅਕਤੀ ਜਿਹੜਾ ਬਲਦ ਦੁਆਰਾ ਮਾਰਿਆ ਗਿਆ ਸੀ ਉਸ ਦਾ ਨੇੜੇ ਦਾ ਰਿਸ਼ਤੇਦਾਰ ਪੈਸੇ ਨਾਲ ਇਸ ਮੁੱਦੇ ਨੂੰ ਸੁਲਝਾਉਣਾ ਚੁਣ ਸਕਦਾ ਸੀ। ਇਹ ਕੰਮ ਸ਼ਾਇਦ ਅਦਾਲਤੀ ਮਾਹੌਲ ਵਿਚ ਹੁੰਦਾ ਸੀ, ਦੇਸ ਦੇ ਬਜ਼ੁਰਗਾਂ ਦੇ ਸਾਹਮਣੇ। ਨੇੜੇ ਦਾ ਰਿਸ਼ਤੇਦਾਰ ਦੋਸ਼ੀ ਮਾਲਕ ਨੂੰ ਉਸ ਦੇ ਬਲਦ ਨਾਲ ਮਾਰ ਦਿੱਤੇ ਜਾਣ ਦੀ ਮੰਗ ਕਰਨ ਦੀ ਬਜਾਇ ਬਲਦ ਦੇ ਮਾਲਕ ਕੋਲੋਂ ਨਿਸਤਾਰੇ ਦਾ ਮੁੱਲ ਮੰਗ ਸਕਦਾ ਸੀ। ਜੇਕਰ ਉਹ ਇਹ ਚੋਣ ਕਰਦਾ ਸੀ, ਤਾਂ ਬਲਦ ਦੇ ਮਾਲਕ ਨੂੰ **ਪੁੱਤ੍ਰ ਯਾ ਧੀ** ਦੇ ਨੁਕਸਾਨ ਦੇ ਲਈ **ਜੋ ਕੁਝ ਉਸ ਉੱਤੇ ਠਹਿਰਾਇਆ ਜਾਵੇ** ਉਹੀ ਦੇਣਾ ਪੈਂਦਾ ਸੀ।

ਆਇਤ 32. ਇਹ ਭਾਗ ਪੂਰਾ ਹੁੰਦਾ ਹੈ, ਜਿਵੇਂ ਕਿ ਪਿਛਲੇ ਦੋ ਭਾਗਾਂ ਨਾਲ ਸੀ (21:20, 21, 27), ਗੋੱਲਿਆਂ ਸੰਬੰਧੀ ਪ੍ਰਾਸੰਗਿਕਤਾ ਨਾਲ। ਜੇਕਰ ਇਕ **ਬਲਦ** ਇਕ **ਗੋੱਲੇ** ਨੂੰ ਸਿੰਗ ਨਾਲ ਜਾਨੋਂ ਮਾਰ ਦੇਵੇ, ਤਾਂ ਕੀ ਕੀਤਾ ਜਾਣਾ ਸੀ? ਇਕ ਵਾਰ ਫੇਰ, ਬਲਦ ਨੂੰ **ਵੱਟਿਆਂ ਨਾਲ ਮਾਰਿਆ ਜਾਵੇ** ਜੋ ਕਿ ਇਸ ਗੱਲ ਦਾ ਪ੍ਰਤੀਕ ਸੀ ਕਿ ਬਲਦ ਨੇ ਅਸਲ ਵਿਚ ਮਨੁੱਖ ਦਾ ਕਤਲ ਕਰ ਦਿੱਤਾ ਸੀ। ਇਸ ਮਾਮਲੇ ਵਿਚ, ਬਲਦ ਦੇ ਮਾਲਕ ਦੇ ਲਈ ਮੌਤ ਦੀ ਸਜ਼ਾ ਨਹੀਂ ਹੋਵੇਗੀ। ਬਲਕਿ, ਉਹ ਗੋੱਲੇ (ਮ੍ਰਿਤਕ) ਦੇ ਮਾਲਕ ਨੂੰ ਗੋੱਲੇ ਦਾ ਮੁੱਲ ਦੇਵੇਗਾ: **ਤੀਹ ਰੁਪਈਏ ਚਾਂਦੀ ਦੇ** (ਵੇਖੋ ਜ਼ਕਰਯਾਹ 11:12, 13; ਮੱਤੀ 26:15)।

ਜਦੋਂ ਬਲਦ ਨੂੰ ਸੱਟ ਲੱਗ ਜਾਵੇ (21:33-36)

33ਜਦ ਕੋਈ ਮਨੁੱਖ ਟੋਆ ਖੋਲ੍ਹੇ ਯਾਂ ਟੋਆ ਪੁੱਟਕੇ ਉਸ ਨੂੰ ਨਾ ਢੱਕੇ ਅਤੇ ਉਸ ਵਿੱਚ ਬਲਦ ਯਾ ਖੋਤਾ ਡਿੱਗ ਪਵੇ, 34ਤਾਂ ਟੋਏ ਦਾ ਮਾਲਕ ਉਹ ਦਾ ਘਾਟਾ ਭਰੇ ਅਤੇ ਚਾਂਦੀ ਉਸ ਦੇ ਮਾਲਕ ਨੂੰ ਮੋੜ ਦੇਵੇ। 35ਜਦ ਕਦੀ ਕਿਸੇ ਦਾ ਬਲਦ ਉਸ ਦੇ ਗਵਾਂਢੀ ਦੇ ਬਲਦ ਨੂੰ ਮਾਰੇ ਅਰ ਉਹ ਮਰ ਜਾਵੇ ਤਾਂ ਜੀਉਂਦੇ ਬਲਦ ਨੂੰ ਵੇਚ ਦੇਣ ਅਰ ਉਸ ਦੀ ਚਾਂਦੀ ਨੂੰ ਵੰਡ ਲੈਣ ਅਤੇ ਲੋਥ ਵੀ ਵੰਡ ਲੈਣ। 36ਅਥਵਾ ਜੇ ਏਹ ਜਾਣਿਆ ਗਿਆ ਕਿ ਉਹ ਪਿੱਛੇ ਭੀ ਮਾਰ ਖੰਡ ਹੁੰਦਾ ਸੀ ਪਰ ਉਸ ਦੇ ਮਾਲਕ ਨੇ ਉਸ ਨੂੰ ਨਹੀਂ ਸਾਂਭਿਆ ਤਾਂ ਉਹ ਜਰੂਰ ਘਾਟਾ ਭਰੇ ਅਤੇ ਬਲਦ ਦੇ ਵੱਟੇ ਬਲਦ ਦੇਵੇ ਅਰ ਉਹ ਲੋਥ ਉਹ ਦੀ ਹੋਵੇਗੀ।

ਆਇਤਾਂ 33, 34. ਬਲਦ ਨਾਲ ਸੰਬੰਧਤ ਦੂਜੀਆਂ ਬਿਧੀਆਂ ਉਨ੍ਹਾਂ ਹਾਲਾਤਾਂ ਦੀ ਗੱਲ ਕਰਦੀਆਂ ਹਨ ਜਿਨ੍ਹਾਂ ਵਿਚ ਬਲਦ ਦੂਜਿਆਂ ਨੂੰ ਸੱਟ ਲਾਉਣ ਦੀ ਬਜਾਇ ਆਪਣੇ ਆਪ ਨੂੰ ਸੱਟ ਲਾ ਲੈਂਦੇ ਹਨ। ਉਨ੍ਹਾਂ ਦੋ ਹਾਲਾਤਾਂ ਦਾ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ। ਪਹਿਲੇ ਹਾਲਾਤ ਵਿਚ ਉਹ **ਬਲਦ ਯਾ ਖੋਤਾ** ਸ਼ਾਮਲ ਹੈ ਜਿਹੜਾ ਉਸ **ਟੋਏ** ਵਿਚ ਡਿੱਗ ਪੈਂਦਾ ਹੈ ਜੋ ਉਸ ਦੇ ਮਾਲਕ ਤੋਂ ਇਲਾਵਾ ਕਿਸੇ ਹੋਰ ਦੁਆਰਾ ਪੁੱਟਿਆ ਗਿਆ ਹੈ। ਇਹ ਟੋਆ ਇਕ ਕੁੰਡ ਹੋ ਸਕਦਾ ਹੈ ਜੋ ਪਾਣੀ ਨੂੰ ਜਮ੍ਹਾ ਕਰਨ ਜਾਂ ਕਣਕ ਨੂੰ ਜਮ੍ਹਾ ਕਰਨ ਦੇ ਲਈ ਵਰਤਿਆ ਜਾਂਦਾ ਹੈ। **ਟੋਏ ਦੇ ਮਾਲਕ** ਨੂੰ ਉਸ

ਵਿਅਕਤੀ ਦੇ ਰੂਪ ਵਿਚ ਜਿਹੜਾ **ਬਲਦ ਯਾ ਖੋਤੇ** ਦੀ ਮੌਤ ਦੇ ਲਈ ਜ਼ਿੰਮੇਵਾਰ ਹੈ, ਉਸ ਨੂੰ ਇਸ ਦੀ ਕੀਮਤ ਚੁਕਾਉਣੀ ਦੀ ਲੋੜ ਪਵੇਗੀ। ਜੇਕਰ ਟੋਏ ਦਾ ਮਾਲਕ **ਘਾਟਾ** ਭਰ ਦਿੰਦਾ ਸੀ, ਉਸ ਨੂੰ ਜਾਨਵਰ ਦੀ ਲੋਥ ਰੱਖਣ ਦਿੰਦੇ ਸਨ। ਕਿਉਂਕਿ ਇਹ ਜਾਨਵਰ ਕਤਲ ਦੇ ਕਾਰਣ ਅਸ਼ੁੱਧ ਨਹੀਂ ਸੀ, ਇਸ ਦਾ ਮਾਸ ਖਾਧਾ ਜਾ ਸਕਦਾ ਸੀ।

ਆਇਤਾਂ 35, 36. ਦੂਜੀ ਹਾਲਤ ਵਿਚ ਕੀ ਕੀਤਾ ਜਾਣਾ ਸੀ, ਜਦੋਂ **ਕਿਸੇ ਦਾ ਬਲਦ** ਕਿਸੇ ਹੋਰ ਦੇ ਬਲਦ ਨੂੰ ਮਾਰ ਦਿੰਦਾ ਸੀ? ਦੋਵੇਂ ਬਲਦਾਂ ਦੇ ਮਾਲਕਾਂ ਨੇ **ਜੀਉਂਦੇ ਬਲਦ ਨੂੰ ਵੇਚ ਦੇਣਾ ਅਰ ਉਸ ਦੀ ਚਾਂਦੀ ਨੂੰ ਵੰਡ ਲੈਣਾ ਸੀ**, ਨਾਲੇ **ਮਰੇ ਬਲਦ ਦੀ ਲੋਥ** ਨੂੰ ਆਪਸ ਵਿਚ ਬਰਾਬਰ ਦਾ ਵੰਡਣਾ ਸੀ। ਇਕ ਵਾਰ ਫੇਰ, ਇਕ ਛੋਟ ਸੀ ਜੇਕਰ ਉਹ ਬਲਦ ਜਿਸ ਨੇ ਦੂਜੇ ਬਲਦ ਨੂੰ ਮਾਰਿਆ ਸੀ **ਉਹ ਪਿੱਛੇ ਭੀ ਮਾਰ ਖੰਡ ਹੁੰਦਾ ਸੀ**। ਜੇਕਰ "ਸਿੰਗ ਮਾਰਨ ਵਾਲੇ" ਬਲਦ ਦੇ **ਮਾਲਕ** ਨੇ ਉਸ ਨੂੰ ਛੱਡ ਦਿੱਤਾ ਸੀ, ਤਾਂ ਉਸ ਨੇ ਇਸ ਨੂੰ ਦੂਜੇ ਮਾਲਕ ਦੇ ਮ੍ਰਿਤ ਜਾਨਵਰ ਨਾਲ ਬਦਲ ਦੇਣਾ ਸੀ - **ਬਲਦ ਦੇ ਵੱਟੇ ਬਲਦ**। ਘਾਟਾ ਪੂਰਾ ਕਰਨ ਤੋਂ ਬਾਅਦ, ਉਸ ਨੂੰ ਲੋਥ ਰੱਖਣ ਅਤੇ ਇਸ ਦਾ ਮਾਸ ਖਾਣ ਦੀ ਇਜ਼ਾਜਤ ਸੀ।

ਪ੍ਰਾਸੰਗਿਕਤਾ

"[ਮੇਰਾ] ਕੰਨ ਵਿੰਨ੍ਹੋ" (21:2-6)

ਕੂਚ 21:2-6 ਸਿੱਖਿਆ ਦਿੰਦੀਆਂ ਹਨ ਕਿ ਜਦੋਂ ਇਕ ਗੋੱਲਾ ਉੱਨੇ ਸਾਲਾਂ ਤੱਕ ਸੇਵਾ ਕਰ ਲੈਂਦਾ ਸੀ ਜਿੰਨੇ ਸਾਲ ਉਸ ਨੂੰ ਸੇਵਾ ਕਰਨ ਦੀ ਲੋੜ ਹੁੰਦੀ ਸੀ ਤਾਂ ਉਸ ਤੋਂ ਬਾਅਦ ਉਹ ਇਕ ਅਜ਼ਾਦ ਮਨੁੱਖ ਵਾਂਗ ਆਪਣੇ ਮਾਲਕ ਦੀ ਸੇਵਾ ਕਰਨੀ ਛੱਡ ਸਕਦਾ ਸੀ। ਜੇਕਰ ਉਹ ਇਨ੍ਹਾਂ ਸਾਲਾਂ ਦੌਰਾਨ ਇਕ ਗੋੱਲੇ ਦੇ ਤੌਰ ਤੇ ਵਿਆਹ ਕਰਾ ਲੈਂਦਾ ਸੀ ਅਤੇ ਉਸ ਦੇ ਬੱਚੇ ਹੋ ਜਾਂਦੇ ਸਨ ਅਤੇ ਜੇਕਰ ਉਹ ਆਪਣੇ ਮਾਲਕ ਨੂੰ ਪਿਆਰ ਕਰਦਾ ਸੀ, ਤਾਂ ਉਹ ਅਜ਼ਾਦ ਨਾ ਹੋਣਾ ਚੁਣ ਸਕਦਾ ਸੀ। ਜ਼ਿੰਦਗੀਭਰ ਆਪਣੀ ਇੱਛਾ ਨਾਲ ਗੁਲਾਮੀ ਕਰਨ ਦੇ ਇਕ ਚਿੰਨ੍ਹ ਦੇ ਰੂਪ ਵਿਚ, ਉਸ ਨੂੰ ਆਪਣਾ ਕੰਨ ਵਿੰਨ੍ਹਣਾ ਪੈਂਦਾ ਸੀ।

ਇਕ ਪ੍ਰਸਿੱਧ ਧਾਰਮਿਕ ਗੀਤ ਜਿਸ ਦਾ ਸਿਰਲੇਖ ਹੈ "ਮੇਰਾ ਕੰਨ ਵਿੰਨ੍ਹੋ" ਇਸ ਮੂਲ ਲਿਖਤ ਵਿੱਚੋਂ ਲਿਆ ਗਿਆ ਹੈ।[17] ਗੋੱਲੇ ਦੇ ਆਪਣੇ ਮਾਲਕ ਦੇ ਪ੍ਰਤੀ ਸਵੈ-ਇੱਛਤ ਸਮਰਪਣ ਨੂੰ ਪ੍ਰਭੂ ਦੇ ਪ੍ਰਤੀ ਵਿਸ਼ਵਾਸੀ ਦੀ ਸਵੈ-ਇੱਛਤ ਸੇਵਾ ਨੂੰ ਪਰਗਟ ਕਰਨ ਦੇ ਲਈ ਵਰਤਿਆ ਗਿਆ ਹੈ। ਇਕ ਵਿਅਕਤੀ ਜੇ ਚਾਹੇ ਤਾਂ ਮਸੀਹ ਦੀਆਂ ਮੰਗਾਂ ਤੋਂ ਅਜ਼ਾਦ ਹੋਣਾ ਚੁਣ ਸਕਦਾ ਹੈ; ਪਰ, ਇਕ ਮਸੀਹੀ ਜਾਂ ਵਿਸ਼ਵਾਸੀ ਬਣਨ ਦੁਆਰਾ, ਉਹ ਪ੍ਰਭੂ ਦੇ ਪ੍ਰਤੀ ਇਕ ਗੁਲਾਮ ਦੇ ਰੂਪ ਵਿਚ ਆਪਣੀ ਇੱਛਾ ਨਾਲ ਜ਼ਿੰਦਗੀਭਰ ਗੁਲਾਮੀ ਕਰਨਾ ਚੁਣਦਾ ਹੈ। ਉਹ ਇਸ ਤਰ੍ਹਾਂ ਕਿਉਂ ਕਰੇਗਾ? ਕਿਉਂਕਿ ਉਹ ਆਪਣੇ ਮਾਲਕ ਨਾਲ ਪ੍ਰੇਮ ਕਰਦਾ ਹੈ (21:5)! ਬੇਸ਼ੱਕ, ਦੋਵੇਂ ਹਾਲਾਤ ਸਮਾਨਾਂਤਰ ਹਨ। ਅਸਲ ਵਿਚ, ਕੋਈ ਵਿਅਕਤੀ ਪੂਰੀ ਤਰ੍ਹਾਂ ਅਜ਼ਾਦ ਨਹੀਂ ਹੋ ਸਕਦਾ। ਹਰ ਕੋਈ - ਨਾ ਤਾਂ ਪਾਪ ਦਾ ਗੁਲਾਮ ਹੈ ਨਾ ਹੀ ਧਾਰਮਿਕਤਾ ਦਾ ਗੁਲਾਮ (ਰੋਮੀਆਂ 6:17, 18) ਅਤੇ ਦੋਹਾਂ ਮਾਲਕਾਂ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਨ ਦੇ ਲਈ ਇਕ ਸਜ਼ਾ ਹੈ (ਰੋਮੀਆਂ 6:23)। ਤੁਹਾਡੇ ਕੋਲ ਆਪਣੇ ਮਾਲਕ ਨੂੰ ਇਹ ਕਹਿਣ ਦੇ ਬਹੁਤ ਸਾਰੇ ਕਾਰਣ ਹਨ ਕਿ "ਮੇਰੇ ਕੰਨ ਵਿੰਨ੍ਹੋ!"

ਪਰਮੇਸ਼ੁਰ ਦੇ ਲੋਕ ਨਿਰਪੱਖ ਹਨ (21:12-36)

ਬਿਵਸਥਾ ਅਤੇ ਇਸ ਦੀਆਂ ਬਿਧੀਆਂ ਦੀ ਨਿਰਪੱਖਤਾ ਪ੍ਰਭਾਵਸ਼ਾਲੀ ਹੈ (21:12-36)। ਪਰਮੇਸ਼ੁਰ ਦੇ ਲੋਕਾਂ ਤੋਂ ਇਹ ਮੰਗ ਕੀਤੀ ਗਈ ਹੈ ਕਿ ਉਹ ਦੂਜਿਆਂ ਨਾਲ ਆਪਣੇ ਵਿਹਾਰਾਂ ਵਿਚ

ਧਰਮੀ, ਜਾਂ ਨਿਰਪੱਖ ਬਣਨ (ਮੀਕਾਹ 6:8)। ਉਸੇ ਤਰ੍ਹਾਂ, ਮਸੀਹੀ ਲੋਕਾਂ ਨੇ ਨਿਰਪੱਖ ਬਣਨਾ ਹੈ (ਵੇਖੋ ਮੱਤੀ 23:23)। ਕੀ ਅਸੀਂ ਨਿਰਪੱਖ ਹਾਂ? ਕੀ ਅਸੀਂ ਦੂਜਿਆਂ ਦਾ ਨਜਾਇਜ਼ ਫਾਇਦਾ ਉਠਾਉਂਦੇ ਹਾਂ? ਜਦੋਂ ਅਸੀਂ ਕਿਸੇ ਨਾਲ ਵਪਾਰਕ ਲੈਣ-ਦੇਣ ਕਰਦੇ ਹਾਂ, ਕੀ ਅਸੀਂ ਸਿਰਫ ਆਪਣੇ ਲਈ ਇਕ ਚੰਗਾ "ਸੌਦਾ" ਕਰਨ ਬਾਰੇ ਚਿੰਤਤ ਹੁੰਦੇ ਹਾਂ? ਕੀ ਅਸੀਂ ਦੂਜਿਆਂ ਦੀ ਕੀਮਤ ਤੇ ਲਾਭ ਉਠਾਉਣ ਬਾਰੇ ਸ਼ੇਖੀ ਮਾਰਦੇ ਹਾਂ? ਕੀ ਅਸੀਂ ਆਪਣੀਆਂ ਅਸਲ ਸੱਟਾਂ ਦੇ ਲਈ ਜੋ ਮੁਆਵਜਾ ਬਣਦਾ ਹੈ ਉਸ ਨਾਲੋਂ ਵੱਧ ਮੁਆਵਜਾ ਲੈਣ ਦੇ ਲਈ ਕਿਸੇ ਵੱਡੀ ਕੰਪਨੀ ਵਿਰੁੱਧ ਮੁਕੱਦਮਾ ਕਰਾਂਗੇ?

ਟਿੱਪਣੀਆਂ

[1]ਇਸ ਸ਼ਬਦ ਦਾ ਇਕਵਚਨ ਰੂਪ ਮੀਕਾਹ 6:8 ਵਿਚ ਮਿਲਦਾ ਹੈ ਅਤੇ ਇਸ ਦਾ ਅਨੁਵਾਦ "ਇਨਸਾਫ਼" ਕੀਤਾ ਗਿਆ ਹੈ: "ਯਹੋਵਾਹ ਤੈਥੋਂ ਹੋਰ ਕੀ ਮੰਗਦਾ ਪਰ ਏਹ ਕਿ ਤੂੰ *ਇਨਸਾਫ਼* ਕਰ, ਦਯਾ ਨਾਲ ਪ੍ਰੇਮ ਰੱਖ ਅਤੇ ਅਧੀਨ ਹੋ ਕੇ ਆਪਣੇ ਪਰਮੇਸ਼ੁਰ ਨਾਲ ਚੱਲ?" (ਜ਼ੋਰ ਦਿੱਤਾ ਗਿਆ ਹੈ।) [2]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 429. ਕੇਸਰ ਦੀ "ਸਮਾਜਕ" ਦੀ ਵਰਤੋਂ, ਹਾਲਾਂਕਿ ਆਧੁਨਿਕ ਸਮਿਆਂ ਵਿਚ ਲੋਕਾਂ ਦੇ ਲਈ ਸਮਝਣਯੋਗ ਹੈ, ਉਚਿਤ ਨਹੀਂ ਹੋ ਸਕਦੀ ਕਿਉਂਕਿ ਇਸਰਾਏਲ ਨੇ "ਸਮਾਜਕ ਬਿਧੀ" ਅਤੇ "ਧਾਰਮਿਕ ਬਿਧੀ" ਵਿਚਕਾਰ ਫ਼ਰਕ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਦੀਆਂ ਸਾਰੀਆਂ ਬਿਧੀਆਂ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਸਨ। [3]ਜੌਨ ਆਈ. ਡਰਹਮ, *ਐਕਸਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 307, 320. [4]ਜੌਨ ਜੇ. ਡੇਵਿਸ, *ਮੋਜਜ ਐਂਡ ਦ ਗੌਡਸ ਆਫ਼ ਇਜਿਪਟ: ਸਟੱਡੀਜ਼ ਇਨ ਐਕਸਡਸ*, ਜਿਲਦ ਦੂਜੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1986), 227. [5]ਗੋਰਡਨ ਡੀ. ਫੀ ਅਤੇ ਡੱਗਲਸ ਸਟੂਅਰਟ, *ਹਾਓ ਟੂ ਰੀਡ ਦ ਬਾਈਬਲ ਫਾਰ ਆਲ ਇਟਸ ਵਰਥ*, ਜਿਲਦ ਤੀਜੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2003), 174. [6]ਹੋਰ ਟਿੱਪਣੀਕਾਰ ਆਇਤ 13 ਵਿਚ "ਅਸਥਾਨ" ਨੂੰ ਆਇਤ 14 ਵਿਚ ਜਗਵੇਦੀ ਦੇ ਸੰਦਰਭ ਦੇ ਰੂਪ ਵਿਚ ਵੇਖਦੇ ਹਨ। ਐਚ. ਐਲ. ਐਲੀਸਨ ਦੀ ਪੁਸਤਕ, *ਐਕਸਡਸ*, ਦ ਡੇਲੀ ਸਟੱਡੀ ਬਾਈਬਲ ਸੀਰੀਜ਼ (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1982) ਵਿਚ ਸਫ਼ਾ 125 ਵੇਖੋ। [7]ਜੌਨ ਐਚ. ਵਾਲਟਨ ਅਤੇ ਵਿਕਟਰ ਐਚ. ਮੈਥਿਊਜ, *ਜੈਨੇਸਿਸ-ਡਿਉਟਰੋਨੋਮੀ*, ਦ ਆਈਵੀਪੀ ਬਾਈਬਲ ਬੈਕਗਰਾਊਂਡ ਕਮੈਂਟਰੀ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1997), 112. [8]ਡੋਨਲ ਪੀ. ਓਮਬੁਨਾ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ-ਪੈਂਟਾਟੂਕ* (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 2003) ਵਿਚ ਸਫ਼ੇ 93-94 ਤੇ "ਸਰੀਰਕ ਸੱਟਾਂ, ਕਤਲ, ਨਰ ਹੱਤਿਆ" ਹੈ। [9]ਜੇਮਸ ਬੀ. ਪ੍ਰਿਟਚਾਰਡ, ਸੋਧ, *ਏਨਸ਼ੀਐਂਟ ਨੀਅਰ ਈਸਟਰਨ ਟੈਕਸਟਸ ਰੀਲੇਟਿੰਗ ਟੂ ਦਿ ਓਲਡ ਟੈਸਟਾਮੈਂਟ*, ਤੀਜਾ ਸੰਪਾ. (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 1969), 175 (ਨੰਬਰਸ 209-214), 181, 184-85 (ਨੰਬਰਸ 21, 50, 53), 190 (ਨੰਬਰਸ 17, 18); ਵਿਲੀਅਮ ਐਚ. ਪਰੌਪ, *ਐਕਸਡਸ 19-40: ਏ ਨਿਊ ਟਰਾਂਸਲੇਸ਼ਨ ਵਿਦ ਕਮੈਂਟਰੀ ਐਂਡ ਇੰਟਰੋਡਕਸ਼ਨ*, ਐਂਕਰ ਬਾਈਬਲ, ਜਿਲਦ 2a (ਨਿਊ ਯਾਰਕ: ਡੱਬਲਡੇਅ, 2006), 226-27. [10]ਮਾਰਟਿਨ ਨੋਥ ਦੀ ਪੁਸਤਕ, *ਐਕਸਡਸ*, ਅਨੁਵਾਦ ਜੇ. ਐਸ. ਬੌਅਡਨ, ਦਿ ਓਲਡ ਟੈਸਟਾਮੈਂਟ ਲਾਇਬਰੇਰੀ (ਫਿਲਾਡੈਲਫੀਆ: ਦ ਵੈਸਟਮਿੰਸਟਰ ਪ੍ਰੈਸ, 1962) ਦਾ ਸਫ਼ਾ 182 ਵੇਖੋ।

[11]ਇਕ ਹੋਰ ਵਿਚਾਰ ਇਹ ਹੈ ਕਿ ਪੁਰਾਤਨ ਇਸਰਾਏਲ ਵਿਚ ਸਰੀਰਕ ਕੱਟ-ਵੱਢ ਕੀਤੀ ਜਾਂਦੀ ਸੀ ("ਤਿਹਾ ਉਸ ਨੂੰ ਕੀਤਾ ਜਾਵੇ," ਲੇਵੀਆਂ 24:19; "ਤੁਸੀਂ ਉਸ ਨਾਲ ਓਵੇਂ ਹੀ ਕਰਨਾ," ਬਿਵਸਥਾ ਸਾਰ 19:19), ਪਰ ਆਖ਼ਰਕਾਰ ਇਸ ਦਾ ਸਥਾਨ ਪੈਸੇ ਦੇ ਮੁਆਵਜੇ ਨੇ ਲੈ ਲਿਆ। ਵੇਖੋ ਜੋਸੇਫਸ *ਐਂਟੀਕਿਉਟੀਜ* 4.8.35; ਮਿਸ਼ਨਾਹ *ਬਾਬਾ ਕੁਆਮਾ* 8.1, 2. ਪ੍ਰਿਟਚਾਰਡ ਦੀ ਪੁਸਤਕ ਵਿਚ ਸਫ਼ਾ 175 ਤੇ "ਦ ਕੋਡ ਆਫ਼ ਹਮੁਰਾਬੀ" ਨਾਲ ਤੁਲਨਾ ਕਰੋ (ਨੰਬਰਸ 196-201)। [12]ਸਬੂਤ ਦੇ ਤੌਰ ਤੇ ਕਿ "ਜੀਵਨ ਦੇ ਵੱਟੇ ਜੀਵਨ" ਆਪਣੇ ਆਪ ਵਿਚ ਇਕ ਪਾਰੰਪਰਿਕ ਸ਼ਬਦਾਵਲੀ ਸੀ, ਲੇਵੀਆਂ 24:18 ਤੇ ਵਿਚਾਰ ਕਰੋ: "ਜਿਹੜਾ ਕਿਸੇ ਪਸੂ ਨੂੰ ਮਾਰ ਸਿੱਟੇ ਸੋ ਉਸ ਨੂੰ ਪਸੂ ਦਾ ਪਸੂ ਉਸ ਦਾ ਵੱਟਾ ਦੇਵੇ।" ਜ਼ਿਆਦਾਤਰ ਲੋਕ ਸਹਿਮਤ ਹੋਣਗੇ ਕਿ ਇਹ ਬਿਧੀ ਉਸ ਮ੍ਰਿਤਕ ਜਾਨਵਰ ਦੇ ਮੁੱਲ ਦੇ ਬਰਾਬਰ ਪੈਸੇ ਦੇ ਮੁਆਵਜੇ ਦੀ ਮੰਗ ਕਰਦੀ ਸੀ। ਇਹ ਬਿਧੀ ਇਹ ਮੰਗ ਨਹੀਂ ਕਰਦੀ ਕਿ ਮਾਰੇ ਗਏ ਜਾਨਵਰ ਦਾ ਘਾਟਾ ਪੂਰਾ ਕਰਨ ਦੇ ਲਈ ਦੂਜੇ ਜਾਨਵਰ ਨੂੰ ਮਾਰਿਆ ਜਾਵੇ। [13]ਕੋਏ ਡੀ. ਰੋਪਰ ਦੀ ਪੁਸਤਕ "'ਐਨ ਆਈ ਫਾਰ ਆਈ': ਦ ਪਰੌਬਲਮ ਆਫ਼ ਰੀਟੈਲੀਏਸ਼ਨ ਇਨ ਏਨਸ਼ੀਐਂਟ ਇਜਰਾਏਲ," *ਦ ਜਰਨਲ ਆਫ਼ ਬਿਬਲੀਕਲ ਇੰਟਰਪਰੀਟੇਸ਼ਨ ਐਂਡ ਐਪਲੀਕੇਸ਼ਨ* 1 (ਜੁਲਾਈ-ਸਤੰਬਰ 2002) ਦੇ

ਸਫ਼ੇ 21-46 ਵੇਖੋ। [14]ਆਰ. ਐਲਨ ਕੋਲ, *ਐਕਸਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973), 170. [15]ਤੁਲਨਾਯੋਗ ਕਾਨੂੰਨ ਵਿਚ, "ਦ ਕੋਡ ਆਫ਼ ਹਾਮੁਰਾਬੀ" ਨਗਰ ਪਰਿਸ਼ਦ ਦੁਆਰਾ ਮਾਲਕ ਨੂੰ ਚਿਤਾਵਨੀ ਦਿੱਤੇ ਜਾਣ ਦੀ ਕਲਪਨਾ ਕਰਦਾ ਹੈ। ਸੁਰੱਖਿਆਤਮਕ ਉਪਾਵਾਂ ਦੇ ਉਦਾਹਰਣਾਂ ਵਿਚ ਬਲਦ ਨੂੰ ਬੰਨ੍ਹਣਾ ਅਤੇ ਇਸੇ ਦੇ ਸਿੰਗਾਂ ਤੇ ਗੱਦਾ ਚੜ੍ਹਾਉਣਾ ਸ਼ਾਮਲ ਹੁੰਦਾ ਸੀ। ਵੇਖੋ ਪ੍ਰਿਟਚਾਰਡ, 176 (ਨੰ. 251)। [16]ਇਹੋ ਜਿਹੀਆਂ ਬਿਧੀਆਂ ਆਧੁਨਿਕ ਸਮਿਆਂ ਵਿਚ ਮਿਲਦੀਆਂ ਹਨ। ਅਮਰੀਕਾ ਦੇ ਕਾਨੂੰਨ ਦਾ ਮੰਨਣਾ ਹੈ ਕਿ ਜਾਨਵਰਾਂ ਦੇ ਮਾਲਕ ਉਨ੍ਹਾਂ ਦੇ ਜਾਨਵਰਾਂ ਦੀਆਂ ਕਰਤੂਤਾਂ ਦੇ ਲਈ ਜ਼ਿੰਮੇਵਾਰ ਹਨ। [17]ਸਟੀਵ ਕਰੌਫਟ, "ਪੀਅਰਸ ਮਾਈ ਈਅਰ," © 1980 by Dayspring Music, http://www.mpcofc.org/youth/songs/songbook/song_book_page_3.htm (accessed Oct. 23, 2008).